੦੪੦

ਅਨਹਤ ਸ਼ਬਦ

(ਲੇਖਕ: ਭਾਈ ਜੋਧ ਸਿੰਘ)

ਸਤਿਗੁਰਾਂ ਦੇ ਨਾਲ ਸਿਮਰਨ ਮਾਰਗ ਦੁਆਰਾ ਨਿਰੰਕਾਰ ਨਾਲ ਲਿਵ ਜੋੜਨ ਅਤੇ ਜੋਗੀਆਂ ਦੇ ਦੱਸੇ ਧਿਆਨ ਮਾਰਗ ਦੁਆਰਾ ਆਪਣੇ ਸਰੂਪ ਵਿੱਚ ਸਮਾਧੀ ਰਾਹੀਂ ਇਸਥਿਤ ਹੋਣਾ ਦੋ ਵੱਖ-ਵੱਖ ਮਾਰਗ ਹਨ। ਕਿਸੇ ਕਿਸਮ ਦਾ ਭੁਲੇਖਾ ਪੈਣ ਦੇ ਡਰ ਤੋਂ ਬਚਣ ਵਾਸਤੇ ਵਿਸਥਾਰ ਪੂਰਵਕ ਵਿਚਾਰ ਜ਼ਰੂਰੀ ਹੈ।

ਪਾਤੰਜਲ ਜੀ ਨੇ ਯੋਗ ਦਾ ਪ੍ਰਯੋਜਨ ਚਿੱਤ ਦੀਆਂ ਬ੍ਰਿਤੀਆਂ ਨੂੰ ਰੋਕਣਾ ਦੱਸਿਆ ਹੈ ਅਤੇ ਯੋਗ ਦੇ ਅੱਠ ਅੰਗ (ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਯਾਹਾਰ ਧਾਰਨਾ, ਧਿਆਨ ਤੇ ਸਮਾਧੀ) ਦੱਸ ਕੇ ਇਸ ਵਿਸ਼ੇ ਤੇ ਭਰਪੂਰ ਜਾਣਕਾਰੀ ਦਿੱਤੀ ਹੈ।ਇਸ ਲੇਖ ਵਿੱਚ ਪਾਤੰਜਲ ਜੀ ਦੇ ਵਿਚਾਰਾਂ ਦੇ ਵਿਸਥਾਰ ਦੀ ਬਜਾਏ ਗੁਰਮਤਿ ਸਿਧਾਂਤਾਂ ਦਾ ਜ਼ਿਕਰ ਕੀਤਾ ਜਾਵੇਗਾ।

ਗੁਰਮਤਿ ਦਾ ਪਰਮ ਪਦ ਆਪਣੇ ਮਨ ਨੂੰ ਨਿਰੰਕਾਰ ਵਿੱਚ ਜੋੜਨਾ ਹੈ। ਸਿੱਖ ਨਾਮ ਵਿੱਚ ਸੁਰਤ ਲਾ ਕੇ ਕਿਰਿਆਹੀਣ ਨਹੀਂ ਹੁੰਦਾ। ਮਨ ਦੀਆਂ ਬ੍ਰਿਤੀਆਂ ਨੂੰ ਕਿਵੇਂ ਰੋਕੀਏ, ਇੱਥੇ ਹੀ ਜੋਗ ਅਤੇ ਗੁਰਮਤਿ ਦਾ ਬਹੁਤ ਵੱਡਾ ਭੇਦ ਹੈ।

- ਜਿਉ ਮੰਦਰ ਕਉ ਥਾਮੈ ਥੰਮਨੁ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥ (੨੮੨)

ਸਿੱਖ ਇੰਦ੍ਰੀਆਂ ਨੂੰ ਬੇਹਿਸ ਨਹੀਂ ਕਰਦਾ। ਇੰਦ੍ਰੀਆਂ ਰਾਹੀਂ ਜਦੋਂ ਮਨ ਵਿੱਚ ਕੋਈ ਫੁਰਨਾ ਪੈਦਾ ਹੁੰਦਾ ਹੈ, ਉਸ ਨੂੰ ਗੁਰ ਸ਼ਬਦ ਦੁਆਰਾ ਰੋਕਦਾ ਹੈ। ਇਸ ਤਰ੍ਹਾਂ ਰੋਕਦਿਆਂ ਰੋਕਦਿਆਂ:

- ਰਹਤ ਰਹਤ ਰਹਿ ਜਾਹਿ ਬਿਕਾਰਾ ਗੁਰ ਪੂਰੇ ਕੈ ਸਬਦਿ ਅਪਾਰਾ॥ (੨੫੯)

ਮਨ ਦੇ ਵਿਕਾਰ ਰਹਿ ਜਾਂਦੇ ਹਨ ਤੇ ਮਨ ਵਿੱਚ ਗੁਰ ਸ਼ਬਦ ਤੋਂ ਉਲਟ ਫੁਰਨੇ ਬੰਦ ਹੋ ਜਾਂਦੇ ਹਨ। ਇਸੇ ਸੁਰਤ ਨੂੰ ਸ਼ਬਦ ਵਿੱਚ ਲਾਉਣਾ ਕਹਿੰਦੇ ਹਨ। ਮਨ ਹਰ ਵੇਲੇ ਗੁਰ ਸ਼ਬਦ ਨੂੰ ਚੇਤੇ ਵਿੱਚ ਰੱਖੇ।

- ਮਨੁ ਕੁੰਚਰੁ ਕਾਇਆ ਉਦਿਆਨੈ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ॥
ਰਾਜ ਦੁਆਰੈ ਸੋਭ ਸੁ ਮਾਨੈ॥ (੨੨੧)

ਹਠ ਯੋਗੀ ਨਾਦ ਦਾ ਅੰਕੁਸ ਫੜਦਾ ਹੈ। ਸਿੱਖੀ ਦਾ ਅੰਕੁਸ਼ ਗੁਰ ਸ਼ਬਦ ਹੈ। ਹਠ ਯੋਗੀ ਦੀਆਂ ਇੰਦ੍ਰੀਆਂ ਵਿਸ਼ਿਆਂ ਵੱਲ ਨਹੀਂ ਦੌੜਦੀਆਂ ਕਿਉਂਕਿ ਉਨ੍ਹਾਂ ਨਾਲੋਂ ਪ੍ਰਾਣਾਂ ਦਾ ਵਿਯੋਗ ਕਰਕੇ ਜੋਗੀ ਨੇ ਆਪਣੀਆਂ ਇੰਦ੍ਰੀਆਂ ਬੇਹਿਸ ਕਰ ਦਿੱਤੀਆਂ ਹਨ। ਪਰ ਗੁਰਸਿੱਖ ਨੇ ਮਨ ਨੂੰ ਗੁਰ ਸ਼ਬਦ ਵਿੱਚ ਲਾ ਦਿੱਤਾ ਹੈ। ਉਸ ਦੀਆਂ ਇੰਦ੍ਰੀਆਂ ਚੰਗੀਆਂ ਭਲੀਆਂ ਹਨ ਪਰ ਮਨ ਭੈੜੇ ਪਾਸੇ ਨਹੀਂ ਜਾ ਸਕਦਾ, ਇਸ ਲਈ ਇੰਦ੍ਰੀਆਂ ਵੀ ਭੈੜੇ ਪਾਸੇ ਨਹੀਂ ਜਾਂਦੀਆਂ। ਵਿਸ਼ੇ ਉਨ੍ਹਾਂ ਨੂੰ ਦਿੱਸਦੇ ਹਨ ਪਰ:

- ਦੀਸਤ ਮਾਸੁ ਨ ਖਾਇ ਬਿਲਾਈ॥ ਮਹਾ ਕਸਾਬਿ ਛੁਰੀ ਸਟਿ ਪਾਈ॥ (੯੯੮)

ਗੁਰ ਸ਼ਬਦ ਦੁਆਰਾ ਵਸ ਵਿੱਚ ਆਇਆ ਮਨ ਵਿਸ਼ਿਆਂ ਵਿੱਚ ਪ੍ਰਵਿਰਤ ਨਹੀਂ ਹੁੰਦਾ ਇਸ ਲਈ ਇੰਦ੍ਰੀਆਂ ਵਿਸ਼ੇ ਵੇਖਦੀਆਂ ਹਨ ਪਰ ਉਨ੍ਹਾਂ ਵੱਲ ਦੌੜਦੀਆਂ ਨਹੀਂ। ਗੁਰਮਤਿ ਵਿੱਚ ਪਹਿਲਾਂ ਹੱਲਾ ਹੀ ਮਨ ਤੇ ਹੈ। ਸਰੀਰ ਤਾਂ ਮਿੱਟੀ ਹੈ ਇਹ ਆਪ ਕੁਝ ਨਹੀਂ ਕਰ ਸਕਦਾ। ਜਦੋਂ ਮਨ ਵੱਸ ਹੋ ਗਿਆ ਸਰੀਰ ਆਪੇ ਹੀ ਵੱਸ ਹੋ ਗਿਆ। ਨਾਲੇ

ਮਨ ਨੂੰ ਜਿੱਤ ਕੇ ਸਿੱਖ ਲੱਕੜੀ ਦੇ ਕੁੰਦੇ ਵਾਂਗ ਮੁਰਦਾ ਨਹੀਂ ਪਇਆ ਰਹਿੰਦਾ। ਉਹ ਪਰਉਪਕਾਰ ਕਰਦਾ ਹੈ। ਆਪਣੀ ਕਿਰਤ ਨਾਲ ਆਪਣਾ ਪੇਟ ਪਾਲਣਾ ਤੇ ਹੋਰਨਾਂ ਦੀ ਸੇਵਾ ਕਰਦਾ ਹੈ। ਉਸਦੀ ਕਿਰਤ ਗੁਰੂ ਸ਼ਬਦ ਦੇ ਆਸਰੇ ਹੈ। ਉਹ ਹਉਮੈ ਨਾਸ਼ ਕਰ ਚੁੱਕਾ ਹੈ। ਅੰਤਰ ਆਤਮੇ ਹਰ ਦਮ ਉਹ ਨਾਮ ਵਿੱਚ ਲੀਨ ਹੈ। ਸੁਰਤ ਨੂੰ ਹੁਣ ਵਿਸ਼ੇ ਨਹੀਂ ਖਿੱਚ ਸਕਦੇ। ਯੋਗੀ ਕਯੀਵਲ ਨੂੰ ਪ੍ਰਾਪਤ ਕਰਕੇ ਨਿਰਾ ਸਾਖੀ ਰੂਪ ਹੋ ਜਾਂਦਾ ਹੈ ਜਦ ਕਿ ਸਿੱਖ ਨਾਮ ਵਿੱਚ ਲੀਨ ਹੋ ਕੇ ਹੁਕਮ ਵਿੱਚ ਕਾਰ ਕਮਾਉਂਦਾ ਹੈ ਕਿਉਂਕਿ ਸਿੱਖ ਦਾ ਨਿਰੰਕਾਰ ਨਿਰਾ ਸਾਖੀ ਰੂਪ ਨਹੀਂ ਉਹ ਕਰਤਾ ਹੈ ਅਤੇ:

– ਹੁਕਮੀ ਹੁਕਮੁ ਚਲਾਏ ਰਾਹੁ॥ (੨)

ਜਿਸ ਕਿਰਤ ਵਿੱਚ ਉਸਦਾ ਨਿਰੰਕਾਰ ਲੱਗਾ ਹੈ ਸਿੱਖ ਉਸੇ ਕਿਰਤ ਵਿੱਚ ਲਗਦਾ ਹੈ।

– ਸੰਤ ਗੋਬਿੰਦ ਕੈ ਏਕੈ ਕਾਮ॥ (੮੬੭)

ਗੁਰਮਤਿ ਵਿੱਚ ਮਨ ਨੂੰ ਇਕਾਗਰ ਕਰਨ ਲਈ ਭਰਵੱਟਿਆਂ ਵਿੱਚ ਧਿਆਨ ਲਾਉਣਾ ਜਾਂ ਨਾਦ ਸੁਣਨਾ ਨਹੀਂ ਦੱਸਿਆ। ਗੁਰ ਸ਼ਬਦ ਦਾ ਅੰਕੁਸ਼ ਮਨ ਨੂੰ ਠੀਕ ਰਸਤੇ ਤੇ ਲਾਏਗਾ ਤੇ ਅਯੋਗ ਬ੍ਰਿਤੀਆਂ ਨੂੰ ਰੋਕੇਗਾ। ਜਦੋਂ ਮਨ ਨਿਰਮਲ ਹੋ ਗਿਆ ਨਾਮ ਦਾ ਵਾਸਾ ਇਸਦੇ ਵਿੱਚ ਹੋਵੇਗਾ ਤੇ ਫਿਰ ਇਸਦੇ ਵਿੱਚ ਅਯੋਗ ਬ੍ਰਿਤੀਆਂ ਨਹੀਂ ਉਪਜਣਗੀਆਂ। ਨਿਰੰਕਾਰੀ ਹੁਕਮ ਦੇ ਤਾਬਿਆ ਉਹੋ ਬ੍ਰਿਤੀਆਂ ਉਪਜਣਗੀਆਂ ਜਿਹੜੀਆਂ ਨਿਰੰਕਾਰ ਉਪਜਾਉਣਾ ਚਾਹੁੰਦਾ ਹੈ। ਸਿੱਖ ਦਾ ਪ੍ਰਯੋਜਨ ਇਹ ਨਹੀਂ ਕਿ ਮਨ ਉੱਕਾ ਬ੍ਰਿਤੀਹੀਣ ਹੋਵੇ, ਸਗੋਂ ਇਹ ਕਿ ਉਹ ਬ੍ਰਿਤੀਆਂ ਇਸਦੇ ਵਿੱਚ ਨਾ ਰਹਿਣ ਜੋ ਹੁਕਮ ਵਿਰੁੱਧ ਹਨ। ਹੁਕਮ ਅਨੁਸਾਰ ਬ੍ਰਿਤੀਆਂ ਸੁੱਖ ਦਾ ਕਾਰਨ ਹਨ। ਪਰ ਕਈ ਪੁਰਸ਼ ਗੁਰਬਾਣੀ ਦੇ ਆਸ਼ੇ ਵਿਰੁੱਧ ਸ਼ਬਦਾਂ ਦੇ ਅਰਥ ਕਰਕੇ ਸਿੱਖਾਂ ਨੂੰ ਫਿਰ ਆਵਾਜ਼ਾਂ ਸੁਣਨ ਵੱਲ ਪ੍ਰੇਰਦੇ ਹਨ ਇਸ ਲਈ ਹੁਣ ਗੁਰਬਾਣੀ ਦੁਆਰਾ ਹੀ ਉਪਰ ਲਿਖੀਆਂ ਵਿਚਾਰਾਂ ਤੇ ਰੌਸ਼ਨੀ ਪਾਈ ਜਾਂਦੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰਬਾਣੀ ਵਿੱਚ "ਪੰਚ ਸ਼ਬਦ" ਤੇ "ਅਨਹਤ ਸ਼ਬਦ" ਪਦ ਵਰਤੇ ਗਏ ਹਨ। ਪਰ ਉਨ੍ਹਾਂ ਦਾ ਭਾਵ ਕੀ ਹੈ ਇਹ ਅਸੀਂ ਗੁਰਬਾਣੀ ਦੁਆਰਾ ਹੀ ਸਮਝਾਂਗੇ। ਪਹਿਲਾਂ ਜੋ ਉਪਰ ਗੁਰਮਤਿ ਸਿਧਾਂਤ ਦੱਸਿਆ ਹੈ, ਉਸਦੀ ਪੁਸ਼ਟੀ ਪ੍ਰਮਾਣਾਂ ਰਾਹੀਂ ਕਰੀਏ। ਸਿਧਾਂਤ ਇਹ ਹੈ ਕਿ ਸਿੱਖ ਗੁਰ ਸ਼ਬਦ ਰਾਹੀਂ ਮਨ ਨੂੰ ਅਯੋਗ ਬ੍ਰਿਤੀਆਂ ਵੱਲੋਂ ਹੋੜਦਾ ਹੋੜਦਾ ਹਉਮੈ ਦਾ ਨਾਸ਼ ਕਰਦਾ ਹੈ। ਫਿਰ ਉਸ ਮਨ ਵਿੱਚ ਨਾਮ ਦਾ ਵਾਸਾ ਹੁੰਦਾ ਹੈ ਤੇ ਫਿਰ ਸਿੱਖ ਨਿਰੰਕਾਰ ਵਿੱਚ ਲੀਨ ਹੋਇਆ ਹੁਕਮ ਅਨੁਸਾਰ ਕਾਰ ਕਮਾਉਂਦਾ ਹੈ।

– ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ॥
ਸਾਚੈ ਸਬਦਿ ਮੁਕਤਿ ਗਤਿ ਪਾਏ॥ ਨਾਨਕ ਵਿਚਹੁ ਆਪੁ ਗਵਾਏ॥ (੩੫੨)

– ਸਾਚੁ ਨਾਮੁ ਗੁਰ ਸਬਦਿ ਵੀਚਾਰਿ॥ ਗੁਰਮੁਖਿ ਸਾਚੇ ਸਾਚੈ ਦਰਬਾਰਿ॥ (੩੫੫)

– ਸਬਦਿ ਮੁਆ ਵਿਚਹੁ ਆਪੁ ਗਵਾਇ॥ ਸਤਿਗੁਰੁ ਸੇਵੇ ਤਿਲੁ ਨ ਤਮਾਇ॥
ਨਿਰਭਉ ਦਾਤਾ ਸਦਾ ਮਨਿ ਹੋਇ॥ ਸਚੀ ਬਾਣੀ ਪਾਏ ਭਾਗਿ ਕੋਇ॥
ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ॥ ਪੂਰੇ ਗੁਰ ਕੈ ਸਬਦਿ ਸਮਾਹਿ॥ਰਹਾਉ॥
ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ॥ ਅੰਮ੍ਰਿਤ ਸਬਦਿ ਨਾਮੁ ਵਖਾਣੈ॥
ਸਾਚੀ ਬਾਣੀ ਸੂਚਾ ਹੋਇ॥ ਗੁਣ ਤੇ ਨਾਮੁ ਪਰਾਪਤਿ ਹੋਇ॥
ਗੁਣ ਅਮੋਲਕ ਪਾਏ ਨ ਜਾਹਿ॥ ਮਨਿ ਨਿਰਮਲ ਸਾਚੈ ਸਬਦਿ ਸਮਾਹਿ॥
ਸੇ ਵਡਭਾਗੀ ਜਿਨ੍ ਨਾਮੁ ਧਿਆਇਆ॥ ਸਦਾ ਗੁਣਦਾਤਾ ਮੰਨਿ ਵਸਾਇਆ॥
ਜੋ ਗੁਣ ਸੰਗ੍ਰਹੈ ਤਿਨ੍ ਬਲਿਹਾਰੈ ਜਾਉ॥ ਦਰਿ ਸਾਚੈ ਸਾਚੇ ਗੁਣ ਗਾਉ॥
ਆਪੇ ਦੇਵੈ ਸਹਜਿ ਸੁਭਾਇ॥ ਨਾਨਕ ਕੀਮਤਿ ਕਹਣੁ ਨ ਜਾਇ॥ (੩੬੧)

– ਸਦਾ ਸੋਹਾਗਣਿ ਜੋ ਪ੍ਰਭ ਭਾਵੈ॥ ਗੁਰ ਸਬਦੀ ਸੀਗਾਰੁ ਬਣਾਵੈ॥
ਸੇਜ ਸੁਖਾਲੀ ਅਨਦਿਨੁ ਹਰਿ ਰਾਵੈ॥ ਮਿਲਿ ਪ੍ਰੀਤਮ ਸਦਾ ਸੁਖੁ ਪਾਵੈ॥ .....
ਆਗੈ ਜਾਤਿ ਰੂਪੁ ਨ ਜਾਇ॥ ਤੇਹਾ ਹੋਵੈ ਜੇਹੇ ਕਰਮ ਕਮਾਇ॥
ਸਬਦੇ ਊਚੋ ਊਚਾ ਹੋਇ॥ ਨਾਨਕ ਸਾਚਿ ਸਮਾਵੈ ਸੋਇ॥ (੩੬੩)

– ਜਿਨ੍ ਕੈ ਪੋਤੈ ਪੁੰਨੁ ਤਿਨ੍ਾ ਗੁਰੂ ਮਿਲਾਏ॥ ਸਚੁ ਬਾਣੀ ਗੁਰੁ ਸਬਦੁ ਸੁਣਾਏ॥
ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ॥ ਗਿਆਨਿ ਰਤਨਿ ਸਾਚੈ ਸਹਜਿ ਸਮਾਏ॥
ਨਾਵੈ ਜੇਵਡੁ ਹੋਰੁ ਧਨੁ ਨਾਹੀ ਕੋਇ॥ ਜਿਸ ਨੋ ਬਖਸੇ ਸਾਚਾ ਸੋਇ॥
ਪੂਰੈ ਸਬਦਿ ਮੰਨਿ ਵਸਾਏ॥ ਨਾਨਕ ਨਾਮਿ ਰਤੇ ਸੁਖੁ ਪਾਏ॥ (੩੬੪)

– ਤ੍ਰਿਭਵਣ ਸੂਝੈ ਆਪੁ ਗਵਾਵੈ॥ ਬਾਣੀ ਬੂਝੈ ਸਚਿ ਸਮਾਵੈ॥
ਸਬਦੁ ਵੀਚਾਰੇ ਏਕ ਲਿਵ ਤਾਰਾ॥ ਨਾਨਕ ਧੰਨੁ ਸਵਾਰਣਹਾਰਾ॥ (੪੧੨)

– ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ॥ ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ॥ (੪੨੬)

– ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ॥
ਨਾਨਕ ਨਾਮਿ ਰਤੇ ਤਿਨ ਹਉਮੈ ਗਈ ਸਚੈ ਰਹੇ ਸਮਾਇ॥ (੪੨੬)

– ਲੇਖਾ ਪੜਿ ਨ ਪਹੁਚੀਐ ਕਥਿ ਕਹਣੈ ਅੰਤੁ ਨ ਪਾਇ॥ ਗੁਰ ਤੇ ਕੀਮਤਿ ਪਾਈਐ ਸਚਿ ਸਬਦਿ ਸੋਝੀ ਪਾਇ॥
ਇਹੁ ਮਨੁ ਦੇਹੀ ਸੋਧਿ ਤੂੰ ਗੁਰ ਸਬਦਿ ਵੀਚਾਰਿ॥
ਨਾਨਕ ਇਸੁ ਦੇਹੀ ਵਿਚਿ ਨਾਮੁ ਨਿਧਾਨੁ ਹੈ ਪਾਈਐ ਗੁਰ ਕੈ ਹੇਤਿ ਅਪਾਰਿ॥ (੪੨੭)

– ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ॥
ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ॥ਰਹਾਉ॥
ਗੁਰਮੁਖਿ ਆਪੁ ਪਛਾਣਿਆ ਤਿਨ੍ੀ ਇਕ ਮਨਿ ਧਿਆਇਆ॥
ਸਦਾ ਰਵਹਿ ਪਿਰੁ ਆਪਣਾ ਸਚੈ ਨਾਮਿ ਸੁਖੁ ਪਾਇਆ॥
ਏ ਮਨ ਤੇਰਾ ਕੋ ਨਹੀ ਕਰਿ ਵੇਖੁ ਸਬਦਿ ਵੀਚਾਰੁ॥ ਹਰਿ ਸਰਣਾਈ ਭਜਿ ਪਉ ਪਾਇਹਿ ਮੋਖ ਦੁਆਰੁ॥
ਸਬਦਿ ਸੁਣੀਐ ਸਬਦਿ ਬੁਝੀਐ ਸਚਿ ਰਹੈ ਲਿਵ ਲਾਇ॥ ਸਬਦੇ ਹਉਮੈ ਮਾਰੀਐ ਸਚੈ ਮਹਲਿ ਸੁਖੁ ਪਾਇ॥
ਇਸੁ ਜੁਗ ਮਹਿ ਸੋਭਾ ਨਾਮ ਕੀ ਬਿਨੁ ਨਾਵੈ ਸੋਭ ਨ ਹੋਇ॥
ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਦੀ ਬਿਲਮੁ ਨ ਹੋਇ॥
ਜਿਨੀ ਨਾਮੁ ਵਿਸਾਰਿਆ ਸੇ ਮੁਏ ਮਰਿ ਜਾਹਿ॥ ਹਰਿ ਰਸ ਸਾਦੁ ਨ ਆਇਓ ਬਿਸਟਾ ਮਾਹਿ ਸਮਾਹਿ॥
ਇਕਿ ਆਪੇ ਬਖਸਿ ਮਿਲਾਇਅਨੁ ਅਨਦਿਨੁ ਨਾਮੇ ਲਾਇ॥ ਸਚੁ ਕਮਾਵਹਿ ਸਚਿ ਰਹਹਿ ਸਚੇ ਸਚਿ ਸਮਾਹਿ॥
ਬਿਨੁ ਸਬਦੈ ਸੁਣੀਐ ਨ ਦੇਖੀਐ ਜਗੁ ਬੋਲਾ ਅੰਨ੍ਾ ਭਰਮਾਇ॥
ਬਿਨੁ ਨਾਵੈ ਦੁਖੁ ਪਾਇਸੀ ਨਾਮੁ ਮਿਲੈ ਤਿਸੈ ਰਜਾਇ॥
ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ॥
ਨਾਨਕ ਨਾਮੁ ਤਿਨ੍ਾ ਕਦੇ ਨ ਵੀਸਰੈ ਸੇ ਦਰਿ ਸਚੇ ਜਾਣੁ॥ (੪੨੯)

– ਤਿਤੁ ਅਗਮ ਤਿਤੁ ਅਗਮ ਪੁਰੇ ਕਹੁ ਕਿਤੁ ਬਿਧਿ ਜਾਈਐ ਰਾਮ॥
ਸਚੁ ਸੰਜਮੋ ਸਾਰਿ ਗੁਣਾ ਗੁਰ ਸਬਦੁ ਕਮਾਈਐ ਰਾਮ॥
ਸਚੁ ਸਬਦੁ ਕਮਾਈਐ ਨਿਜ ਘਰਿ ਜਾਈਐ ਪਾਈਐ ਗੁਣੀ ਨਿਧਾਨਾ॥
ਤਿਤੁ ਸਾਖਾ ਮੂਲੁ ਪਤੁ ਨਹੀ ਡਾਲੀ ਸਿਰਿ ਸਭਨਾ ਪਰਧਾਨਾ॥

ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ॥
ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ॥ (੪੩੬)

- ਗੋਬਿੰਦ ਪ੍ਰੀਤਿ ਸਿਉ ਇਕੁ ਸਹਜੁ ਉਪਜਿਆ ਵੇਖੁ ਜੈਸੀ ਭਗਤਿ ਬਨੀ॥
ਆਪ ਸੇਤੀ ਆਪੁ ਖਾਇਆ ਤਾ ਮਨੁ ਨਿਰਮਲੁ ਹੋਆ ਜੋਤੀ ਜੋਤਿ ਸਮਈ॥ (੪੯੦)

- ਬਜਰ ਕਪਾਟ ਕਾਇਆ ਗੜ੍ ਭੀਤਰਿ ਕੂੜੁ ਕੁਸਤੁ ਅਭਿਮਾਨੀ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ॥
ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ॥ ਗੁਰ ਸਬਦੀ ਖੋਲਾਈਅਨ੍ਹਿ ਹਰਿ ਨਾਮੁ ਜਪਾਨੀ॥
ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ ਪੀਆ ਤੇ ਤ੍ਰਿਪਤਾਨੀ॥ (੫੧੪)

- ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ ਸਾਚ ਸਬਦਿ ਬੀਚਾਰੀ॥
ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ॥ (੫੭੦)

- ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹ ਸਾਚੇ ਪਾਏ॥
ਸਤਿਗੁਰੁ ਸਦਾ ਦਇਆਲੁ ਹੈ ਅਵਗੁਣ ਸਬਦਿ ਜਲਾਏ॥
ਅਉਗੁਣ ਸਬਦਿ ਜਲਾਏ ਦੂਜਾ ਭਾਉ ਗਵਾਏ ਸਚੇ ਹੀ ਸਚਿ ਰਾਤੀ॥
ਸਚੈ ਸਬਦਿ ਸਦਾ ਸੁਖੁ ਪਾਇਆ ਹਉਮੈ ਗਈ ਭਰਾਤੀ॥
ਪਿਰੁ ਨਿਰਮਾਇਲੁ ਸਦਾ ਸੁਖਦਾਤਾ ਨਾਨਕ ਸਬਦਿ ਮਿਲਾਏ॥
ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹ ਸਾਚੇ ਪਾਏ॥ (੫੮੩)

- ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ॥
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ॥
ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ॥
ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ॥
ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ॥
ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ॥ (੫੯੭)

- ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ॥ ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ॥
ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ॥ (੬੪੪)

- ਸਬਦੁ ਦੀਪਕੁ ਵਰਤੈ ਤਿਹੁ ਲੋਇ॥ ਜੋ ਚਾਖੈ ਸੋ ਨਿਰਮਲੁ ਹੋਇ॥
ਨਿਰਮਲ ਨਾਮਿ ਹਉਮੈ ਮਲੁ ਧੋਇ॥ ਸਾਚੀ ਭਗਤਿ ਸਦਾ ਸੁਖੁ ਹੋਇ॥ (੬੬੪)

- ਅਬ ਮਨ ਏਕਸ ਸਿਉ ਮੋਹੁ ਕੀਨਾ॥ ਮਰੈ ਨ ਜਾਵੈ ਸਦ ਹੀ ਸੰਗੇ ਸਤਿਗੁਰ ਸਬਦੀ ਚੀਨਾ॥ (੬੭੦)

- ਹਰਿ ਹਰਿ ਗੁਣ ਗੋਵਿੰਦ ਜਪਾਹਾ॥ ਮਨੁ ਤਨੁ ਜੀਤਿ ਸਬਦੁ ਲੈ ਲਾਹਾ॥
ਗੁਰਮਤਿ ਪੰਚ ਦੂਤ ਵਸਿ ਆਵਹਿ ਮਨਿ ਤਨਿ ਹਰਿ ਓਮਾਹਾ ਰਾਮ॥ (੬੯੯)

- ਸੰਤਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ॥
ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ ਹਰਿ ਕੈ ਨਾਮਿ ਲਿਵ ਲਾਏ ਰਾਮ॥
ਹਰਿ ਨਾਮਿ ਚਿਤੁ ਲਾਏ ਗੁਰਿ ਮੇਲਿ ਮਿਲਾਏ ਮਨੂਆ ਰਤਾ ਹਰਿ ਨਾਲੇ॥
ਸੁਖਦਾਤਾ ਪਾਇਆ ਮੋਹੁ ਚੁਕਾਇਆ ਅਨਦਿਨੁ ਨਾਮੁ ਸਮ੍ਹਾਲੇ॥
ਗੁਰ ਸਬਦੇ ਰਾਤਾ ਸਹਜੇ ਮਾਤਾ ਨਾਮੁ ਮਨਿ ਵਸਾਏ॥

ਨਾਨਕ ਤਿਨ ਘਰਿ ਸਦ ਹੀ ਸੋਹਿਲਾ ਜਿ ਸਤਿਗੁਰ ਸੇਵਿ ਸਮਾਏ॥ (੭੭੧)

- ਗੁਰਮੁਖਿ ਪ੍ਰਾਣੀ ਭਰਮੁ ਗਵਾਇ॥ ਸਹਜ ਧੁਨਿ ਉਪਜੈ ਹਰਿ ਲਿਵ ਲਾਇ॥ (੨੩੧)

- ਨਿਹਚਲੁ ਸਾਚੁ ਰਹਿਆ ਕਲ ਧਾਰਿ॥ ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ॥ (੯੪੨)

- ਸਦਾ ਹਦੂਰਿ ਦੂਰਿ ਨਹ ਦੇਖਹੁ ਰਚਨਾ ਜਿਨਿ ਰਚਾਈ॥
ਸਚਾ ਸਬਦੁ ਰਵੈ ਘਟ ਅੰਤਰਿ ਸਚੇ ਸਿਉ ਲਿਵ ਲਾਈ॥ (੯੦੯)

- ਗੁਰਮੁਖਿ ਧਰਤੀ ਸਾਚੈ ਸਾਜੀ॥ ਤਿਸ ਮਹਿ ਓਪਤਿ ਖਪਤਿ ਸੁ ਬਾਜੀ॥
ਗੁਰ ਕੈ ਸਬਦਿ ਰਪੈ ਰੰਗੁ ਲਾਇ॥ ਸਾਚਿ ਰਤਉ ਪਤਿ ਸਿਉ ਘਰਿ ਜਾਇ॥
ਸਾਚ ਸਬਦ ਬਿਨੁ ਪਤਿ ਨਹੀ ਪਾਵੈ॥ ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ॥ (੯੪੧)

- ਨਾਮੇ ਰਾਤੇ ਹਉਮੈ ਜਾਇ॥ ਨਾਮਿ ਰਤੇ ਸਚਿ ਰਹੇ ਸਮਾਇ॥
ਨਾਮਿ ਰਤੇ ਜੋਗ ਜੁਗਤਿ ਬੀਚਾਰੁ॥ ਨਾਮਿ ਰਤੇ ਪਾਵਹਿ ਮੋਖ ਦੁਆਰੁ॥
ਨਾਮਿ ਰਤੇ ਤ੍ਰਿਭਵਣ ਸੋਝੀ ਹੋਇ॥ ਨਾਨਕ ਨਾਮਿ ਰਤੇ ਸਦਾ ਸੁਖੁ ਹੋਇ॥ (੯੪੧)

- ਸਚ ਭੈ ਰਾਤਾ ਗਰਬੁ ਨਿਵਾਰੈ॥ ਏਕੋ ਜਾਤਾ ਸਬਦੁ ਵੀਚਾਰੈ॥
ਸਬਦੁ ਵਸੈ ਸਚੁ ਅੰਤਰਿ ਹੀਆ॥ ਤਨੁ ਮਨੁ ਸੀਤਲੁ ਰੰਗਿ ਰੰਗੀਆ॥
ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ॥ ਨਾਨਕ ਨਦਰੀ ਨਦਰਿ ਪਿਆਰੇ॥ (੯੪੩)

- ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥
ਆਵਣ ਜਾਣੁ ਰਹਿਓ॥ ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ॥ (੧੦੦੨)

- ਕਾਇਆ ਕੁਸੁਧ ਹਉਮੈ ਮਲੁ ਲਾਈ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ॥
ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ॥
ਪੰਚ ਦੂਤ ਕਾਇਆ ਸੰਘਾਰਹਿ॥ ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ॥
ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ॥
ਇਕਿ ਪੰਚਾ ਮਾਰਿ ਸਬਦਿ ਹੈ ਲਾਗੇ॥ ਸਤਿਗੁਰੁ ਆਇ ਮਿਲਿਆ ਵਡਭਾਗੇ॥
ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ॥
ਗੁਰ ਕੀ ਚਾਲ ਗੁਰੂ ਤੇ ਜਾਪੈ॥ ਪੂਰਾ ਸੇਵਕੁ ਸਬਦਿ ਸਿਞਾਪੈ॥
ਸਦਾ ਸਬਦੁ ਰਵੈ ਘਟ ਅੰਤਰਿ ਰਸਨਾ ਰਸੁ ਚਾਖੈ ਸਚੁ ਸੋਈ ਹੇ॥
ਹਉਮੈ ਮਾਰੇ ਸਬਦਿ ਨਿਵਾਰੇ॥ ਹਰਿ ਕਾ ਨਾਮੁ ਰਖੈ ਉਰਿ ਧਾਰੇ॥
ਏਕਸੁ ਬਿਨੁ ਹਉ ਹੋਰੁ ਨ ਜਾਣਾ ਸਹਜੇ ਹੋਇ ਸੁ ਹੋਈ ਹੇ॥
ਬਿਨੁ ਸਤਿਗੁਰ ਸਹਜੁ ਕਿਨੈ ਨਹੀ ਪਾਇਆ॥ ਗੁਰਮੁਖਿ ਬੂਝੈ ਸਚਿ ਸਮਾਇਆ॥
ਸਚਾ ਸੇਵਿ ਸਬਦਿ ਸਚ ਰਾਤੇ ਹਉਮੈ ਸਬਦੇ ਖੋਈ ਹੇ॥ (੧੦੪੫)

- ਸੋ ਜਨੁ ਨਿਰਮਲੁ ਜਿਨਿ ਆਪੁ ਪਛਾਤਾ॥ ਆਪੇ ਆਇ ਮਿਲਿਆ ਸੁਖਦਾਤਾ॥
ਰਸਨਾ ਸਬਦਿ ਰਤੀ ਗੁਣ ਗਾਵੈ ਦਰਿ ਸਾਚੈ ਪਤਿ ਪਾਈ ਹੇ॥ .....
ਜੁਗਿ ਜੁਗਿ ਸਾਚਾ ਏਕੋ ਦਾਤਾ॥ ਪੂਰੈ ਭਾਗਿ ਗੁਰ ਸਬਦੁ ਪਛਾਤਾ॥
ਸਬਦਿ ਮਿਲੇ ਸੇ ਵਿਛੁੜੇ ਨਾਹੀ ਨਦਰੀ ਸਹਜਿ ਮਿਲਾਈ ਹੇ॥ (੧੦੪੬)

- ਇਕਿ ਸਬਦੁ ਵੀਚਾਰਿ ਸਦਾ ਜਨ ਜਾਗੇ॥ ਇਕਿ ਮਾਇਆ ਮੋਹਿ ਸੋਇ ਰਹੇ ਅਭਾਗੇ॥

ਆਪੇ ਕਰੇ ਕਰਾਏ ਆਪੇ ਹੋਰੁ ਕਰਣਾ ਕਿਛੂ ਨ ਜਾਈ ਹੇ॥
ਕਾਲੁ ਮਾਰਿ ਗੁਰ ਸਬਦਿ ਨਿਵਾਰੇ॥ ਹਰਿ ਕਾ ਨਾਮੁ ਰਖੈ ਉਰ ਧਾਰੇ॥
ਸਤਿਗੁਰ ਸੇਵਾ ਤੇ ਸੁਖੁ ਪਾਇਆ ਹਰਿ ਕੈ ਨਾਮਿ ਸਮਾਈ ਹੇ॥ (੧੦੪੭)

– ਗੁਰਮੁਖਿ ਹਰਿ ਜੀਉ ਏਕੋ ਜਾਤਾ॥ ਅੰਤਰਿ ਨਾਮੁ ਸਬਦਿ ਪਛਾਤਾ॥
ਜਿਸੁ ਤੂ ਦੇਹਿ ਸੋਈ ਜਨੁ ਪਾਏ ਨਾਨਕ ਨਾਮਿ ਵਡਾਈ ਹੇ॥.....
ਕਿਸੁ ਸੇਵੀ ਤੈ ਕਿਸੁ ਸਾਲਾਹੀ॥ ਸਤਿਗੁਰੁ ਸੇਵੀ ਸਬਦਿ ਸਾਲਾਹੀ॥
ਸਚੈ ਸਬਦਿ ਸਦਾ ਮਤਿ ਊਤਮ ਅੰਤਰਿ ਕਮਲੁ ਪ੍ਰਗਾਸੀ ਹੇ॥ (੧੦੪੮)

– ਗੁਰਮੁਖਿ ਨਾਮਿ ਸਬਦਿ ਸਾਲਾਹੇ॥ ਅਗਮ ਅਗੋਚਰ ਵੇਪਰਵਾਹੇ॥
ਏਕ ਨਾਮਿ ਜੁਗ ਚਾਰਿ ਉਧਾਰੇ ਸਬਦੇ ਨਾਮ ਵਿਸਾਹਾ ਹੇ॥.....
ਸਦਾ ਹਦੂਰਿ ਗੁਰਮੁਖਿ ਜਾਪੈ॥ ਸਬਦੇ ਸੇਵੈ ਸੋ ਜਨੁ ਧ੍ਰਾਪੈ॥
ਅਨਦਿਨੁ ਸੇਵਹਿ ਸਚੀ ਬਾਣੀ ਸਬਦਿ ਸਚੈ ਓਮਾਹਾ ਹੇ॥ (੧੦੫੫)

– ਸੇ ਭਗਤ ਸਚੇ ਤੇਰੈ ਮਨਿ ਭਾਏ॥ ਦਰਿ ਕੀਰਤਨੁ ਕਰਹਿ ਗੁਰ ਸਬਦਿ ਸੁਹਾਏ॥
ਸਾਚੀ ਬਾਣੀ ਅਨਦਿਨੁ ਗਾਵਹਿ ਨਿਰਧਨ ਕਾ ਨਾਮੁ ਵੇਸਾਹਾ ਹੇ॥.....
ਆਪੁ ਪਛਾਣੈ ਸੋ ਸਭਿ ਗੁਣ ਜਾਣੈ॥ ਗੁਰ ਕੈ ਸਬਦਿ ਹਰਿ ਨਾਮੁ ਵਖਾਣੈ॥
ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ॥ (੧੦੫੬)

– ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ॥ ਅਨਦਿਨੁ ਹਰਿ ਕਾ ਨਾਮੁ ਵਖਾਣੀ॥
ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਤਾਹਾ ਹੇ॥ (੧੦੫੭)

– ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ॥ ਤਿਸ ਦੀ ਬੂਝੈ ਜਿ ਗੁਰ ਸਬਦੁ ਕਮਾਏ॥
ਤਨੁ ਮਨੁ ਸੀਤਲੁ ਕ੍ਰੋਧੁ ਨਿਵਾਰੇ ਹਉਮੈ ਮਾਰਿ ਸਮਾਇਆ॥ (੧੦੬੭)

– ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ॥
ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰਿ ਪਰੇ॥
ਭਵਜਲੁ ਬਿਨੁ ਸਬਦੈ ਕਿਉ ਤਰੀਐ॥
ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ॥ਰਹਾਉ॥.....
ਗੁਰ ਤੇ ਮਨੁ ਮਾਰਿਆ ਸਬਦੁ ਵੀਚਾਰਿਆ ਤੇ ਵਿਰਲੇ ਸੰਸਾਰਾ॥
ਨਾਨਕ ਸਾਹਿਬੁ ਭਰਿਪੁਰਿ ਲੀਣਾ ਸਾਚ ਸਬਦਿ ਨਿਸਤਾਰਾ॥ (੧੧੨੫)

– ਗੁਰ ਕਾ ਸਬਦੁ ਸਭਿ ਰੋਗ ਗਵਾਏ ਜਿਸ ਨੋ ਹਰਿ ਜੀਉ ਲਾਏ॥
ਨਾਮੇ ਨਾਮਿ ਮਿਲੈ ਵਡਿਆਈ ਜਿਸ ਨੋ ਮੰਨਿ ਵਸਾਏ॥ (੧੧੩੦)

– ਮਨਸਾ ਮਨਹਿ ਸਮਾਇ ਲੈ ਗੁਰ ਸਬਦੀ ਵੀਚਾਰ॥ ਗੁਰ ਪੂਰੇ ਤੇ ਸੋਝੀ ਪਵੈ ਫਿਰਿ ਮਰੈ ਨ ਵਾਰੋ ਵਾਰ॥
ਮਨ ਮੇਰੇ ਰਾਮ ਨਾਮੁ ਆਧਾਰੁ॥ ਗੁਰ ਪਰਸਾਦਿ ਪਰਮ ਪਦੁ ਪਾਇਆ ਸਭ ਇਛ ਪੁਜਾਵਣਹਾਰੁ॥ਰਹਾਉ॥
ਸਭ ਮਹਿ ਏਕੋ ਰਵਿ ਰਹਿਆ ਗੁਰ ਬਿਨੁ ਬੂਝ ਨ ਪਾਇ॥
ਗੁਰਮੁਖਿ ਪ੍ਰਗਟੁ ਹੋਆ ਮੇਰਾ ਹਰਿ ਪ੍ਰਭੁ ਅਨਦਿਨੁ ਹਰਿ ਗੁਣ ਗਾਇ॥ (੧੧੩੨)

– ਅਪਣੀ ਦਇਆ ਕਰੇ ਸੋ ਪਾਏ॥ ਹਰਿ ਕਾ ਨਾਮੁ ਮੰਨਿ ਵਸਾਏ॥
ਸਾਚ ਸਬਦੁ ਹਿਰਦੇ ਮਨ ਮਾਹਿ॥ ਜਨਮ ਜਨਮ ਕੇ ਕਿਲਵਿਖ ਜਾਹਿ॥
ਰਾਮ ਨਾਮੁ ਜੀਅ ਕੋ ਆਧਾਰੁ॥

ਗੁਰ ਪਰਸਾਦਿ ਜਪਹੁ ਨਿਤ ਭਾਈ ਤਾਰਿ ਲਏ ਸਾਗਰ ਸੰਸਾਰੁ॥ਰਹਾਉ॥ (੧੧੪੩)

- ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ॥ ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ॥
ਤਿਨ ਬਹਦਿਆ ਉਠਦਿਆ ਕਦੇ ਨ ਵਿਸਰੈ ਜਿ ਆਪਿ ਬਖਸੇ ਕਰਤਾਰਿ॥
ਨਾਨਕ ਗੁਰਮੁਖਿ ਮਿਲੇ ਨ ਵਿਛੁੜਹਿ ਜਿ ਮੇਲੇ ਸਿਰਜਣਹਾਰਿ॥ (੧੪੨੨)

- ਚਲਤੌ ਚਲੈ ਚਲੈ ਦਹ ਦਹ ਦਿਸਿ ਗੁਰੁ ਰਾਖੈ ਹਰਿ ਲਿਵ ਲਾਵੈਗੋ॥
ਸਤਿਗੁਰੁ ਸਬਦੁ ਦੇਇ ਰਿਦ ਅੰਤਰਿ ਮੁਖਿ ਅੰਮ੍ਰਿਤੁ ਨਾਮੁ ਚੁਆਵੈਗੋ॥ (੧੩੧੦)

- ਗੁਰ ਸੇਵਾ ਬਿਨੁ ਭਗਤਿ ਨ ਹੋਈ॥ ਅਨੇਕ ਜਤਨ ਕਰੈ ਜੇ ਕੋਈ॥
ਹਉਮੈ ਮੇਰਾ ਸਬਦੇ ਖੋਈ॥ ਨਿਰਮਲ ਨਾਮੁ ਵਸੈ ਮਨਿ ਸੋਈ॥
ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ॥ ਬਿਨੁ ਸਬਦੈ ਹੋਰੁ ਮੋਹੁ ਗੁਬਾਰੁ॥
ਸਬਦੇ ਨਾਮੁ ਰਖੈ ਉਰਿ ਧਾਰਿ॥ ਸਬਦੇ ਗਤਿ ਮਤਿ ਮੋਖ ਦੁਆਰੁ॥ (੧੩੪੨)

- ਅੰਤਰਿ ਜੂਠਾ ਕਿਉ ਸੁਚਿ ਹੋਇ॥ ਸਬਦੀ ਧੋਵੈ ਵਿਰਲਾ ਕੋਇ॥
ਗੁਰਮੁਖਿ ਕੋਈ ਸਚੁ ਕਮਾਵੈ॥ ਆਵਣੁ ਜਾਣਾ ਠਾਕਿ ਰਹਾਵੈ॥ (੧੩੪੪)

- ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ॥ ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ॥
ਮਨ ਮੇਰੇ ਸਬਦਿ ਰਪੈ ਰੰਗੁ ਹੋਇ॥ ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ॥ਰਹਾਉ॥.....
ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ॥
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ॥ (੧੩੪੬)

- ਦੁਖ ਵਿਸਾਰਣੁ ਸਬਦੁ ਹੈ ਜੇ ਮੰਨਿ ਵਸਾਏ ਕੋਇ॥ ਗੁਰ ਕਿਰਪਾ ਤੇ ਮਨਿ ਵਸੈ ਕਰਮ ਪਰਾਪਤਿ ਹੋਇ॥ (੧੪੧੩)

ਸੋ ਇੰਨ੍ਹੇ ਗੁਰਬਾਣੀ ਪ੍ਰਮਾਣਾਂ ਦੀ ਵਿਚਾਰ ਤੋਂ ਗੁਰਮਤਿ ਸਿਧਾਂਤ ਤਾਂ ਨਿਸਚੇ ਹੋ ਗਿਆ ਹੋਵੇਗਾ। ਹੁਣ ਬਾਣੀ ਦੁਆਰਾ ਹੀ "ਦਸਮ ਦੁਆਰ", "ਪੰਚ ਸ਼ਬਦ" ਅਤੇ ਅਨਾਹਤ ਸ਼ਬਦ ਦੇ ਅਰਥ ਸਮਝਣ ਦਾ ਯਤਨ ਕਰੀਏ। ਦਸਮ ਦੁਆਰ ਕੀ ਹੈ?

- ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ॥
ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ॥
ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ॥
ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥ (੯੨੨)

ਨਾਮ ਸਾਡੇ ਅੰਦਰ ਵੱਸਦਾ ਹੈ। ਦਸਵਾਂ ਦੁਆਰ ਉਹ ਹੈ ਜਿਥੇ ਅਨੇਕ ਰੂਪ ਨਿਰੰਕਾਰ ਦੇ ਨਾਮ ਦਾ ਖਜ਼ਾਨਾ ਹੈ। ਭਾਵ, ਜਿੱਥੇ ਸਾਡੇ ਅੰਤਹਕਰਣ ਵਿੱਚ ਨਿਰੰਕਾਰੀ ਜੋਤਿ ਦਾ ਵਾਸ ਹੈ ਉਹ ਦਸਮ ਦੁਆਰ ਹੈ। ਉਸ ਦਸਮ ਦੁਆਰ ਵਿੱਚ ਸਿੱਖ ਕਿਸ ਤਰ੍ਹਾਂ ਜਾਂਦਾ ਹੈ? ਹਠ ਯੋਗੀ ਪ੍ਰਾਣਾਯਾਮ ਕਰਕੇ ਹੀ ਚੱਕਰ ਵਿੰਨ੍ਹ ਕੇ ਉੱਥੇ ਪੁੱਜਦਾ ਹੈ। ਨਵੀਨ ਸੁਰਤਿ ਅਭਿਆਸੀ ਨੱਕ ਕੰਨ ਆਦਿ ਬੰਦ ਕਰਕੇ ਆਵਾਜ਼ ਦੇ ਧਿਆਨ ਦੁਆਰਾ ਜਾਣਾ ਦੱਸਦੇ ਹਨ ਪਰ ਸਿੱਖ ਦੇ ਪੁੱਜਣ ਦਾ ਤਰੀਕਾ ਇਹ ਹੈ:

- ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ॥
ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ॥
ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ॥

ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ॥
ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ॥
ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ॥ (੪੪੦)

ਸਤਿਗੁਰੂ ਦੇ ਮੇਲ ਨਾਲ ਮਨ ਆਪਣੇ ਆਪ ਵਿੱਚ ਥਿਰ ਹੋਇਆ ਫਿਰ ਨਾਮ ਜਪਿਆ। ਜਦੋਂ ਨਾਮ ਵਿੱਚ ਲੀਨ ਹੋਏ ਦਸਮ ਦੁਆਰ ਖੁੱਲ੍ਹਿਆ, ਉਥੇ ਅੰਮ੍ਰਿਤ ਦਾ ਭੋਜਨ ਹੈ। ਸਾਰੇ ਜਗਤ ਨੂੰ ਥਿਰ ਰੱਖਣ ਵਾਲੇ ਸ਼ਬਦ ਦੀ ਧੁਨ ਸਹਿਜੇ ਹੀ ਹੈ। ਜੋਗੀ ਤਾਂ ਅਨਾਹਤ ਦੀਆਂ ਪੰਜ ਆਵਾਜ਼ਾਂ ਦੱਸਦੇ ਹਨ ਪਰ ਉਥੇ ਅਨੇਕ ਵਾਜਿਆਂ ਦੀ ਧੁਨ ਹੈ। ਇਹੋ ਨਕਸ਼ਾ "ਸੋ ਦਰੁ" ਵਿੱਚ ਖਿਚਿਆ ਹੈ:

- ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥ (੬)

ਹਠ ਯੋਗੀ ਤਾਂ ਨਾਦ ਦੇ ਰਾਹੀਂ ਮਨ ਨੂੰ ਬ੍ਰਿਤੀਹੀਣ ਕਰਦੇ ਹਨ। ਫਿਰ ਨਾਦ ਦਾ ਵੀ ਖਹਿੜਾ ਛੱਡ ਕੇ ਨਿਰਵਿਕਾਰ ਅਵਸਥਾ ਵਿੱਚ ਜਾਂਦੇ ਹਨ। ਉਨ੍ਹਾਂ ਦਾ ਸਾਰਾ ਯਤਨ ਕਯੀਵਲ ਪਦ ਨੂੰ ਹਾਸਲ ਕਰਨਾ ਹੈ। ਪਾਤੰਜਲ ਜੀ ਅਨੁਸਾਰ ਜਦੋਂ ਪੁਰਸ਼ (ਰੂਹ) ਤੇ ਸੱਛ੍ਵ (ਬੁੱਧੀ) ਦੀ ਇੱਕੋ ਜਿਹੀ ਸ਼ੁਧੀ ਹੋ ਜਾਂਦੀ ਹੈ, ਅਰਥਾਤ ਬੁੱਧੀ ਵਿੱਚ ਸਵਾਏ ਪੁਰਸ਼ ਦੇ ਹੋਰ ਕੋਈ ਲਿਸ਼ਕਾਰਾ ਨਹੀਂ ਪੈਂਦਾ, ਉਹ ਕਯੀਵਲ ਹੈ। ਗੁਰਸਿੱਖ ਆਪਾ ਵਾਰ ਕੇ ਨਿਰੰਕਾਰ ਨਾਲ ਲੀਨ ਹੋਣਾ ਲੋੜਦਾ ਹੈ। ਬੇਅੰਤ ਦੀ ਛੋਹ ਵੇਲੇ ਉਹ ਅਨੇਕਾਂ ਨਾਦਾਂ ਦੇ ਰਸ ਨੂੰ ਜੋ ਉਸਦੇ ਦਰ ਤੇ ਹੋ ਰਹੇ ਹਨ ਅਨੁਭਵ ਕਰਦਾ ਹੈ। ਇਹ ਨਾਦ ਯੋਗੀ ਦੇ ਨਾਦ ਨਾਲੋਂ ਬਹੁਤ ਅੱਡਰਾ ਹੈ। ਯੋਗੀ ਤਾਂ ਦਸਮ ਦੁਆਰ ਵਿੱਚ ਪੁੱਜਣ ਤੋਂ ਪਹਿਲੇ ਅਨਹਦ ਸ਼ਬਦ ਸੁਣਦਾ ਹੈ, ਪਰ ਗੁਰਮਤਿ ਅਨੁਸਾਰ ਇਸ ਸ਼ਬਦ ਦਾ ਰਸ ਦਸਮ ਦੁਆਰ ਵਿੱਚ ਪੁੱਜ ਕੇ ਪਤਾ ਲਗਦਾ ਹੈ। ਹੋਰ ਪ੍ਰਮਾਣਾਂ ਰਾਹੀਂ ਸਮਝੀਏ ਕਿ ਦਸਮ ਦੁਆਰ ਵਿੱਚ ਪੁੱਜਣ ਦਾ ਗੁਰਮਤਿ ਤਰੀਕਾ ਕੀ ਹੈ?

- ਸੇਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ॥
ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ॥ (੪੯੦)

- ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥ ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥ ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥ (੯੫੪)

- ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ॥ (੧੦੦੨)

- ਦੇਹੀ ਨਗਰੀ ਨਉ ਦਰਵਾਜੇ॥ ਸਿਰਿ ਸਿਰਿ ਕਰਣੈਹਾਰੈ ਸਾਜੇ॥
ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ॥ (੧੦੩੯)

ਇਨ੍ਹਾਂ ਪ੍ਰਮਾਣਾਂ ਤੋਂ ਸਿੱਧ ਹੈ ਕਿ ਗੁਰਮਤਿ ਰਾਹੀਂ ਨਾਮ ਜਪ ਕੇ ਹੀ ਦਸਮ ਦੁਆਰ ਖੁੱਲ੍ਹਦਾ ਹੈ ਤੇ ਫਿਰ ਜਦੋਂ ਨਾਮ ਸਾਖਿਆਤ ਹੁੰਦਾ ਹੈ ਉਦੋਂ ਅਨੇਕਾਂ ਨਾਦਾਂ ਦਾ ਰਸ ਆਉਂਦਾ ਹੈ। ਅਗਲੇ ਪ੍ਰਮਾਣ ਇਹ ਦਰਸਾਉਂਦੇ ਹਨ ਕਿ "ਅਨਹਦ ਸ਼ਬਦ" ਤੇ "ਪੰਚ ਸ਼ਬਦ" ਕਦੋਂ ਤੇ ਕਿਸ ਤਰ੍ਹਾਂ ਪ੍ਰਗਟ ਹੁੰਦੇ ਹਨ। ਨਾਲ ਹੀ ਕਸਵੱਟੀ ਇਹ ਦੱਸੀ ਹੈ ਕਿ ਜਦੋਂ ਇਹ ਪ੍ਰਗਟ ਹੁੰਦੇ ਹਨ ਦੁੱਖ ਅਤੇ ਪਾਪ ਨਾਸ਼ ਹੋ ਜਾਂਦੇ ਹਨ।

- ਗੁਰਮਤਿ ਰਾਮੁ ਜਪੈ ਜਨੁ ਪੂਰਾ॥ ਤਿਤੁ ਘਟ ਅਨਹਤ ਬਾਜੇ ਤੂਰਾ॥ (੨੨੯)

- ਨੰਨਾ ਨਰਕਿ ਪਰਹਿ ਤੇ ਨਾਹੀ॥ ਜਾ ਕੈ ਮਨਿ ਤਨਿ ਨਾਮੁ ਬਸਾਹੀ॥
ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ॥ ਬਿਖੁ ਮਾਇਆ ਮਹਿ ਨਾ ਓਇ ਖਪਤੇ॥

ਨੰਨਾਕਾਰੁ ਨ ਹੋਤਾ ਤਾ ਕਹੁ॥ ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ॥
ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ॥ ਤਹ ਬਾਜੇ ਨਾਨਕ ਅਨਹਦ ਤੂਰੇ॥ (੨੫੭)

– ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥ (੨੬੩)

– ਅਨਹਦੋ ਅਨਹਦੁ ਵਾਜੈ ਰੁਣ ਝੁਣਕਾਰੇ ਰਾਮ॥ ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ॥
ਅਨਦਿਨੁ ਰਾਤਾ ਮਨੁ ਬੈਰਾਗੀ ਸੁੰਨ ਮੰਡਲਿ ਘਰੁ ਪਾਇਆ॥
ਆਦਿ ਪੁਰਖੁ ਅਪਰੰਪਰੁ ਪਿਆਰਾ ਸਤਿਗੁਰਿ ਅਲਖੁ ਲਖਾਇਆ॥
ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ॥
ਨਾਨਕ ਨਾਮਿ ਰਤੇ ਬੈਰਾਗੀ ਅਨਹਦ ਰੁਣ ਝੁਣਕਾਰੇ॥ (੪੩੬)

– ਸਤਿਗੁਰੁ ਸੇਵਿ ਜਿਨਿ ਨਾਮੁ ਪਛਾਤਾ ਸਫਲ ਜਨਮੁ ਜਗਿ ਆਇਆ॥
ਹਰਿ ਰਸੁ ਚਾਖਿ ਸਦਾ ਮਨੁ ਤ੍ਰਿਪਤਿਆ ਗੁਣ ਗਾਵੈ ਗੁਣੀ ਅਘਾਇਆ॥
ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ ਅਨਹਦ ਸਬਦੁ ਵਜਾਇਆ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਚੇ ਸਚਿ ਸਮਾਇਆ॥ (੬੦੨)

– ਸਾਂਤਿ ਸਹਜ ਆਨੰਦ ਨਾਮੁ ਜਪਿ ਵਾਜੇ ਅਨਹਦ ਤੂਰਾ॥ (੬੧੮)

– ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ
ਤਿਤੁ ਗ੍ਰਿਹਿ ਵਾਜੇ ਪੰਚ ਸਬਦ ਵਡ ਭਾਗ ਮਥੋਰਾ॥
ਤਿਨ੍ ਜਨ ਕੇ ਸਭਿ ਪਾਪ ਗਏ ਸਭਿ ਦੋਖ ਗਏ ਸਭਿ ਰੋਗ ਗਏ
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਗਏ ਤਿਨ੍ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ॥ (੧੨੦੧)

– ਦ੍ਰਿਸਟਿ ਭਈ ਤਬ ਭੀਤਰਿ ਆਇਓ ਮੇਰਾ ਮਨੁ ਅਨਦਿਨੁ ਸੀਤਲਾਗਿਓ॥
ਕਹੁ ਨਾਨਕ ਰਸਿ ਮੰਗਲ ਗਾਏ ਸਬਦੁ ਅਨਾਹਦੁ ਬਾਜਿਓ॥ (੧੨੦੪)

– ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ॥
ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ॥ (੧੩੦੮)

– ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ॥
ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ॥
ਆਦਿ ਜੁਗਾਦਿ ਵੇਸੁ ਹਰਿ ਏਕੋ ਮਤਿ ਗੁਰਮਤਿ ਹਰਿ ਪ੍ਰਭੁ ਭਜਿਆ॥ (੧੩੧੫)

ਅਨਹਤ ਸ਼ਬਦ ਉੱਥੇ ਹੀ ਪ੍ਰਗਟ ਹੁੰਦਾ ਹੈ ਜਿਸ ਘਟ ਵਿੱਚ ਗੁਰਮਤਿ ਗ੍ਰਹਿਣ ਕਰਕੇ ਨਾਮ ਦਾ ਜਾਪ ਹੁੰਦਾ ਹੈ ਤੇ ਪ੍ਰਗਟ ਉਸ ਵੇਲੇ ਹੁੰਦਾ ਹੈ ਜਦੋਂ ਜੀਵ ਆਤਮਾ ਦਾ ਨਿਰੰਕਾਰੀ ਜੋਤਿ ਨਾਲ ਮੇਲ ਹੁੰਦਾ ਹੈ। ਯੋਗੀ ਨਾਦ ਨੂੰ ਹੇਠਾਂ ਛੱਡ ਕੇ ਆਪਣੇ ਨਿਰਵਿਕਾਰ ਸਰੂਪ ਵਿੱਚ ਜਾਂਦਾ ਹੈ। ਨਵੀਨ ਸੁਰਤ ਅਭਿਆਸੀ ਪਹਿਲੇ ਦਿਨ ਤੋਂ ਹੀ ਅਨਹਦ ਸ਼ਬਦ ਸੁਣਨ ਲਗ ਪੈਂਦਾ ਹੈ। ਪਰ ਗੁਰੂ ਸਾਹਿਬ ਦਾ ਦੱਸਿਆ ਅਨਹਦ ਸ਼ਬਦ ਹੁੰਦਾ ਹੀ ਜੀਵ ਆਤਮਾ ਦੇ ਨਿਰੰਕਾਰ ਨਾਲ ਮੇਲ ਸਮੇਂ ਹੈ, ਪਹਿਲੋਂ ਨਹੀਂ। ਅਗਲੇ ਪ੍ਰਮਾਣਾਂ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ:

– ਮੇਰੈ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ॥ ਘਰਿ ਲਾਲੁ ਆਇਆ ਪਿਆਰਾ ਸਭ ਤਿਖਾ ਬੁਝਾਈ॥
ਮਿਲਿਆ ਤ ਲਾਲੁ ਗੁਪਾਲੁ ਠਾਕੁਰੁ ਸਖੀ ਮੰਗਲੁ ਗਾਇਆ॥
ਸਭ ਮੀਤ ਬੰਧਪ ਹਰਖੁ ਉਪਜਿਆ ਦੂਤ ਥਾਉ ਗਵਾਇਆ॥
ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ॥
ਬਿਨਵੰਤਿ ਨਾਨਕੁ ਸਹਜਿ ਰਹੈ ਹਰਿ ਮਿਲਿਆ ਕੰਤੁ ਸੁਖਦਾਈ॥ (੨੪੭)

– ਸੰਤਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ॥
ਸਗਲ ਸਮਿਗ੍ਰੀ ਏਕਸੁ ਘਟ ਮਾਹਿ॥ ਅਨਿਕ ਰੰਗ ਨਾਨਾ ਦ੍ਰਿਸਟਾਹਿ॥
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥
ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ॥ ਨਾਨਕ ਤਿਸੁ ਜਨ ਸੋਝੀ ਪਾਏ॥ (੨੯੩)

– ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ॥
ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ ਮਨਿ ਸੁਣੀਐ ਹਰਿ ਲਿਵ ਲਾਏ ਰਾਮ॥
ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ ਗਲਿ ਮਿਲਿਆ ਸਹਜਿ ਸੁਭਾਏ ਰਾਮ॥
ਜਨ ਨਾਨਕ ਮਨਿ ਅਨਦੁ ਭਇਆ ਹੈ ਮੇਰੀ ਜਿੰਦੁੜੀਏ ਅਨਹਤ ਸਬਦ ਵਜਾਏ ਰਾਮ॥ (੫੩੮)

– ਹਮ ਘਰਿ ਸਾਜਨ ਆਏ॥ ਸਾਚੈ ਮੇਲਿ ਮਿਲਾਏ॥ ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ॥
ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ॥
ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ॥
ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ॥ (੭੬੪)

– ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ॥
ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ॥
ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣ॥ ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੋ॥
ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨਾ ਜਾਸੀ॥
ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ॥ (੭੬੫)

– ਹਰਿ ਹਰੇ ਹਰਿ ਗੁਣ ਗਾਵਹੁ ਹਰਿ ਗੁਰਮੁਖੇ ਪਾਏ ਰਾਮ॥
ਅਨਦਿਨੋ ਸਬਦਿ ਰਵਹੁ ਅਨਹਦ ਸਬਦ ਵਜਾਏ ਰਾਮ॥
ਅਨਹਦ ਸਬਦ ਵਜਾਏ ਹਰਿ ਜੀਉ ਘਰਿ ਆਏ ਹਰਿ ਗੁਣ ਗਾਵਹੁ ਨਾਰੀ॥
ਅਨਦਿਨੁ ਭਗਤਿ ਕਰਹਿ ਗੁਰ ਆਗੈ ਸਾ ਧਨ ਕੰਤ ਪਿਆਰੀ॥
ਗੁਰ ਕਾ ਸਬਦੁ ਵਸਿਆ ਘਟ ਅੰਤਰਿ ਸੇ ਜਨ ਸਬਦਿ ਸੁਹਾਏ॥
ਨਾਨਕ ਤਿਨ ਘਰਿ ਸਦ ਹੀ ਸੋਹਿਲਾ ਹਰਿ ਕਰਿ ਕਿਰਪਾ ਘਰਿ ਆਏ॥ (੭੭੦)

– ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ ਸਾਚ ਸਬਦਿ ਰਸਿ ਲੀਣਾ॥
ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ॥
ਅਹਿਨਿਸਿ ਰਹੈ ਏਕ ਲਿਵ ਲਾਗੀ ਸਾਚੇ ਦੇਖਿ ਪਤੀਣਾ॥ਰਹਾਉ॥
ਰਹੈ ਗਗਨ ਪੁਰਿ ਦ੍ਰਿਸਟਿ ਸਮੈਸਰਿ ਅਨਹਤ ਸਬਦਿ ਰੰਗੀਣਾ॥ (੯੦੭)

– ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ॥
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ॥ (੯੧੭)

– ਇਹੁ ਭਵਜਲੁ ਜਗਤੁ ਸਬਦਿ ਗੁਰ ਤਰੀਐ॥ ਅੰਤਰ ਕੀ ਦੁਬਿਧਾ ਅੰਤਰਿ ਜਰੀਐ॥
ਪੰਚ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖੁ ਚੜਾਇਆ॥
ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ॥ ਸਬਦੁ ਸੁਰਤਿ ਬਿਨੁ ਆਈਐ ਜਾਈਐ॥

ਨਾਨਕ ਗੁਰਮੁਖਿ ਮੁਕਤਿ ਪਰਾਇਣੁ ਹਰਿ ਪੂਰੈ ਭਾਗਿ ਮਿਲਾਇਆ॥
ਨਿਰਭਉ ਸਤਿਗੁਰੁ ਹੈ ਰਖਵਾਲਾ॥ ਭਗਤਿ ਪਰਾਪਤਿ ਗੁਰ ਗੋਪਾਲਾ॥
ਧੁਨਿ ਅਨੰਦ ਅਨਾਹਦੁ ਵਾਜੈ ਗੁਰ ਸਬਦਿ ਨਿਰੰਜਨੁ ਪਾਇਆ॥ (੧੦੪੨)

ਸੋ ਸਿੱਧ ਹੋਇਆ ਕਿ ਗੁਰ ਸ਼ਬਦ ਦੇ ਕਮਾਉਣ ਤੇ ਨਾਮ ਦੇ ਅਭਿਆਸ ਦੁਆਰਾ ਦਸਮ ਦੁਆਰ ਜੋ ਸਾਡੇ ਅੰਤਹਕਰਣ ਵਿੱਚ ਹੈ, ਖੁੱਲ੍ਹਦਾ ਹੈ। ਨਾਮ ਸਾਧਿਆਤ ਹੁੰਦਾ ਹੈ ਤੇ ਜੋਤਿ ਨਾਲ ਜੋਤਿ ਰਲਣ ਸਮੇਂ ਪੰਚ ਸ਼ਬਦ ਤੇ ਅਨਾਹਦ ਸ਼ਬਦ ਪ੍ਰਗਟ ਹੁੰਦੇ ਹਨ। ਜਿਹੜੇ ਹਠ ਯੋਗੀ ਨਾਦ ਦਾ ਅਭਿਆਸ ਕਰਦੇ ਸਨ ਉਹ ਵੀ ਇਹ ਕਹਿੰਦੇ ਹਨ ਕਿ ਸਰੂਪ ਵਿੱਚ ਜਾਣ ਸਮੇਂ ਨਾਦ ਦਾ ਖ਼ਿਆਲ ਛੱਡਣਾ ਪੈਂਦਾ ਹੈ। ਇਸ ਲਈ **"ਪੰਚ ਸ਼ਬਦ"** ਤੇ **"ਅਨਹਦ ਸ਼ਬਦ"** ਤੋਂ ਮੁਰਾਦ ਕੋਈ ਆਵਾਜ਼ ਤਾਂ ਹੋ ਨਹੀਂ ਸਕਦੀ। **"ਪੰਚ ਸ਼ਬਦ"** ਦਾ ਭਾਵ ਇਹ ਹੈ ਕਿ ਜੋ ਅਨੰਦ ਯੋਗੀ ਪੰਚ ਕਿਸਮ ਦੇ ਅੰਦਰੂਨੀ ਸ਼ਬਦਾਂ ਨੂੰ ਸੁਣ ਕੇ ਲੈਂਦੇ ਸਨ ਉਸ ਤੋਂ ਵਧੀਕ ਅਨੰਦ ਸਤਿਗੁਰ ਕਹਿੰਦੇ ਹਨ ਨਿਰੰਕਾਰ ਨਾਲ ਮੇਲ ਸਮੇਂ ਹੁੰਦਾ ਹੈ। **"ਪੰਚ ਸ਼ਬਦ"** ਦਾ ਇੱਕ ਹੋਰ ਭਾਵ ਵੀ ਹੈ। ਸਾਜ਼ਾਂ ਵਿੱਚੋਂ ਜਿੰਨੇ ਰਾਗ ਨਿਕਲਦੇ ਹਨ ਉਨ੍ਹਾਂ ਨੂੰ ਪੰਜ ਭਾਂਤਾਂ ਦਾ ਕਿਹਾ ਗਿਆ ਹੈ:

੧. ਤੱਤ, ਜੋ ਤਾਰਾਂ ਵਿੱਚੋਂ ਨਿਕਲੇ।

੨. ਵਿਤ, ਜੋ ਚਮੜੇ ਵਿੱਚੋਂ ਨਿਕਲੇ।

੩. ਘਨ, ਜੋ ਧਾਤਾਂ ਵਿੱਚੋਂ ਨਿਕਲੇ।

੪. ਨਾਦ, ਜੋ ਘੜੇ ਆਦਿ ਦੇ ਵਜਾਉਣ ਨਾਲ ਪੈਦਾ ਹੋਵੇ।

੫. ਸੁਰਖ, ਜੋ ਸਵਾਸਾਂ ਦੁਆਰਾ ਪੈਦਾ ਹੋਵੇ।

ਰਾਗ ਮਨ ਨੂੰ ਅਨੰਦ ਦੇਣ ਵਾਲੀ ਵਸਤੂ ਹੈ। ਨਾਲੇ ਜਦੋਂ ਸਾਜ ਇੱਕ ਸੁਰ ਹੋਣ ਤਾਂ ਰਾਗ ਹੁੰਦਾ ਹੈ ਨਹੀਂ ਤਾਂ ਰੌਲਾ। ਜਦੋਂ ਮਨ ਵੱਸ ਵਿੱਚ ਆ ਜਾਂਦਾ ਹੈ ਤਾਂ ਸਾਰੀਆਂ ਤਾਕਤਾਂ ਇੱਕ ਸੁਰ ਹੋ ਜਾਂਦੀਆਂ ਹਨ। ਉਦੋਂ ਜੋ ਅਨੰਦ ਅੰਦਰ ਉਪਜਦਾ ਹੈ ਉਸ ਨੂੰ ਰਾਗ ਦੀ ਉਪਮਾ ਦੇ ਕੇ ਹੀ ਦੂਜੇ ਨੂੰ ਚੰਗੀ ਤਰ੍ਹਾਂ ਸਮਝ ਸਕੀਦਾ ਹੈ। **"ਪੰਚ ਸ਼ਬਦ"** ਦੀ ਧੁਨ ਉਪਜਣ ਦਾ ਭਾਵ ਇਹ ਹੈ ਕਿ ਜੋ ਅਨੰਦ ਰਾਗ ਤੋਂ ਉਤਪੰਨ ਹੁੰਦਾ ਹੈ ਉਸ ਤੋਂ ਵਧੀਕ ਅਨੰਦ ਹੁਣ ਪ੍ਰਾਪਤ ਹੋਇਆ ਹੈ। ਚਿੱਤ ਦੇ ਅਨੰਦ ਨੂੰ ਇਸੇ ਦ੍ਰਿਸ਼ਟਾਂਤ ਦੁਆਰਾ ਅਨੰਦੁ ਸਾਹਿਬ ਦੇ ਆਰੰਭ ਵਿੱਚ ਪ੍ਰਗਟ ਕੀਤਾ ਗਿਆ ਹੈ।

– ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥ (੯੧੭)

ਦਸਵੇਂ ਗੁਰੂ ਜੀ ਨੇ ਵੀ ਮੇਲ ਸਮੇਂ ਦੇ ਅਨੰਦ ਨੂੰ ਰਾਗ ਦੇ ਅਨੰਦ ਨਾਲ ਉਪਮਾ ਦਿੱਤੀ ਹੈ।

– ਤਾਤੀ ਗਹੁ ਆਤਮ ਬਸਿ ਕਰ ਕੀ ਭਿੱਛਾ ਨਾਮ ਅਧਾਰੰ॥ ਬਾਜੇ ਪਰਮ ਤਾਰ ਤਤੁ ਹਰਿ ਕੋ ਉਪਜੈ ਰਾਗ ਰਸਾਰੰ॥
ਉਘਟੈ ਤਾਨ ਤਰੰਗ ਰੰਗਿ ਅਤਿ ਗਿਆਨ ਗੀਤ ਬੰਧਾਨੰ॥
ਚਕਿ ਚਕਿ ਰਹੇ ਦੇਵ ਦਾਨਵ ਮੁਨਿ ਛਕਿ ਛਕਿ ਬਯੋਮ ਬਿਵਾਨੰ॥ (ਰਾਮਕਲੀ ਪਾ:੧੦)

ਸੰਸਾਰ ਵਿੱਚ ਆਮ ਤੌਰ 'ਤੇ ਵੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਦੇ ਘਰ ਵਿੱਚ ਖੁਸ਼ੀ ਹੁੰਦੀ ਹੈ ਤਾਂ ਉਹ ਉਸਨੂੰ ਰੋਸ਼ਨੀ ਤੇ ਵਾਜਿਆਂ ਦੁਆਰਾ ਹੀ ਪ੍ਰਗਟ ਕਰਦਾ ਹੈ। ਮੇਲ ਸਮੇਂ ਦੇ ਅਨੰਦ ਨੂੰ ਸਤਿਗੁਰੂ ਆਮ ਜੀਵਾਂ ਨੂੰ ਲਖਾਣ ਲਈ ਇਹੋ ਹੀ ਅਲੰਕਾਰ ਵਰਤਦੇ ਹਨ। ਅਗਲੇ ਕੁਝ ਸ਼ਬਦ ਉਸ ਅਨੰਦ ਨੂੰ ਚਾਨਣ ਦੇ ਰੂਪ ਵਿੱਚ ਦ੍ਰਿਸ਼ਟਾਂਦੇ ਹਨ:

– ਕਰਿ ਕਿਰਪਾ ਜਉ ਸਤਿਗੁਰੁ ਮਿਲਿਓ॥ ਮਨ ਮੰਦਰ ਮਹਿ ਦੀਪਕੁ ਜਲਿਓ॥ (੨੩੫)

– ਸੰਤ ਪ੍ਰਸਾਦਿ ਮੇਰੇ ਪੂਰ ਮਨੋਰਥ ਕਰਿ ਕਿਰਪਾ ਭੇਟੇ ਗੁਣਤਾਸ॥
ਸਾਂਤਿ ਸਹਜ ਸੂਖ ਮਨਿ ਉਪਜਿਓ ਕੋਟਿ ਸੂਰ ਨਾਨਕ ਪਰਗਾਸ॥ (੭੧੬)

– ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ॥
ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ॥ (੭੬੭)

– ਅੰਤਰਿ ਰਤਨੁ ਬੀਚਾਰੇ॥ ਗੁਰਮੁਖਿ ਨਾਮੁ ਪਿਆਰੇ॥
ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ॥
ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ॥ (੭੭੫)

ਸਰੀਰਕ ਪੱਧਰ ਤੇ ਇਸਤਰੀ ਪੁਰਸ਼ ਦੇ ਸਰੀਰਕ ਮੇਲ ਦਾ ਅਨੰਦ ਮਨੁੱਖ ਨੂੰ ਪਤਾ ਹੈ। ਕੋਮਲ ਹੁਨਰਾਂ ਵਿੱਚ ਰਾਗ ਦਾ ਅਨੰਦ ਵਿਸ਼ੇਸ਼ ਹੈ। ਚਾਨਣ ਵੀ ਸਰੀਰਕ ਤੇ ਮਾਨਸਿਕ ਪੱਧਰ ਤੇ ਮਨੁੱਖ ਨੂੰ ਸੁਖਦਾਈ ਹੁੰਦਾ ਹੈ। ਹਠ ਯੋਗੀ ਨਾਦ ਲਯ ਦੇ ਅਨੰਦ ਨੂੰ ਅਤੀ ਉੱਤਮ ਬਿਆਨ ਕਰਦਾ ਹੈ। ਸਤਿਗੁਰੂ ਜੀਵ ਆਤਮਾ ਦੇ ਨਿਰੰਕਾਰ ਨਾਲ ਮੇਲ ਸਮੇਂ ਜੋ ਅਕਹਿ ਅਨੰਦ ਉਪਜਦਾ ਹੈ ਉਸ ਨੂੰ ਇਨ੍ਹਾਂ ਸਾਰੇ ਅਲੰਕਾਰਾਂ ਦੁਆਰਾ ਕਥਨ ਕਰਦੇ ਹਨ ਤਾਂ ਜੋ ਉਸ ਅਨੰਦ ਦਾ ਕੁਝ ਖ਼ਿਆਲ ਦੇ ਸਕਣ। ਅਕਹਿ ਅਨੰਦ ਮਨੁੱਖਾਂ ਦੇ ਤਜ਼ਰਬੇ ਵਿੱਚ ਆਏ ਅਨੰਦਾਂ ਦੁਆਰਾ ਦਰਸਾਉਣ ਦਾ ਯਤਨ ਹੈ।

ਹੁਣ **"ਅਨਹਦ ਸ਼ਬਦ"** ਦਾ ਭਾਵ ਸਮਝਣ ਦਾ ਯਤਨ ਕਰੀਏ। **"ਅਨਹਦ"** ਪਦ ਨੂੰ ਗੁਰਬਾਣੀ ਵਿੱਚ ਨਿਰਾ **"ਸ਼ਬਦ"** ਨਾਲ ਹੀ ਨਹੀਂ ਵਰਤਿਆ ਗਿਆ ਸਗੋਂ ਪਦ **"ਬਾਣੀ"** ਨਾਲ ਵੀ ਆਇਆ ਹੈ:

– ਚਰਣ ਕਮਲ ਰਿਦ ਅੰਤਰਿ ਧਾਰੇ॥ ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ॥
ਪੰਚ ਸਖੀ ਮਿਲਿ ਮੰਗਲੁ ਗਾਇਆ॥ ਅਨਹਦ ਬਾਣੀ ਨਾਦੁ ਵਜਾਇਆ॥
ਗੁਰੁ ਨਾਨਕੁ ਤੁਠਾ ਮਿਲਿਆ ਹਰਿ ਰਾਇ॥ ਸੁਖਿ ਰੈਣਿ ਵਿਹਾਣੀ ਸਹਜਿ ਸੁਭਾਇ॥ (੩੭੫)

– ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ॥
ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ॥ (੬੭੨)

– ਅੰਮ੍ਰਿਤ ਰਸੁ ਸਤਿਗੁਰੂ ਚੁਆਇਆ॥ ਦਸਵੈ ਦੁਆਰਿ ਪ੍ਰਗਟੁ ਹੋਇ ਆਇਆ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ॥ (੧੦੬੯)

– ਗੁਰ ਕਾ ਸਬਦੁ ਵਸੈ ਮਨਿ ਜਾ ਕੈ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ॥
ਸੂਖ ਸਹਜ ਆਨੰਦ ਨਾਮ ਰਸੁ ਅਨਹਦ ਬਾਣੀ ਸਹਜ ਧੁਨਾ॥ (੧੦੭੯)

ਇਨ੍ਹਾਂ ਪ੍ਰਮਾਣਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਜਦੋਂ ਨਿਰੰਕਾਰ ਨਾਲ ਮੇਲ ਹੁੰਦਾ ਹੈ ਤਾਂ ਅਨਹਦ ਬਾਣੀ ਦੀ ਧੁਨੀ ਵੀ ਉਪਜਦੀ ਹੈ। ਯੋਗੀ ਮੰਨਦੇ ਹਨ ਕਿ ਸਮਾਧੀ ਵਿੱਚ ਜਾ ਕੇ ਸਰੂਪ ਦਾ ਸਾਖਿਆਤ ਗਿਆਨ ਹੁੰਦਾ ਹੈ। ਇਵੇਂ ਹੀ ਨਿਰੰਕਾਰ ਦੇ ਮੇਲ ਸਮੇਂ ਵੀ ਆਤਮਾ ਨੂੰ ਗਿਆਨ ਜ਼ਰੂਰ ਹੋਣਾ ਹੋਇਆ। ਅਗਲੇ ਸ਼ਬਦ ਇਸ ਗਿਆਨ ਦਾ ਸਾਫ਼ ਜ਼ਿਕਰ ਕਰਦੇ ਹਨ:

– ਸੁੰਨ ਸਮਾਧਿ ਗੁਫਾ ਤਹ ਆਸਨੁ॥ ਕੇਵਲ ਬ੍ਰਹਮ ਪੂਰਨ ਤਹ ਬਾਸਨੁ॥
ਭਗਤ ਸੰਗਿ ਪ੍ਰਭੁ ਗੋਸਟਿ ਕਰਤ॥ ਤਹ ਹਰਖ ਨ ਸੋਗ ਨ ਜਨਮ ਨ ਮਰਤ॥ (੮੯੪)

– ਨਉ ਸਰ ਸੁਭਰ ਦਸਵੈ ਪੂਰੇ॥ ਤਹ ਅਨਹਤ ਸੁੰਨ ਵਜਾਵਹਿ ਤੂਰੇ॥

ਸਾਚੈ ਰਾਚੇ ਦੇਖਿ ਹਜੂਰੇ॥ ਘਟਿ ਘਟਿ ਸਾਚੁ ਰਹਿਆ ਭਰਪੂਰੇ॥
ਗੁਪਤੀ ਬਾਣੀ ਪਰਗਟੁ ਹੋਇ॥ ਨਾਨਕ ਪਰਖਿ ਲਏ ਸਚੁ ਸੋਇ॥ (੯੪੩)

ਇਸ ਲਈ **"ਅਨਹਦ"** ਦਾ ਅਰਥ ਹੈ ਨਾਸ਼ ਰਹਿਤ ਜਾਂ ਅਤੁੱਟ। **"ਅਨਹਦ"** ਬਾਣੀ ਸੱਚੀ ਅਟੱਲ ਬਾਣੀ ਤੇ **"ਅਨਹਦ ਸ਼ਬਦ"** ਨਾਮ ਦਾ ਅਤੁੱਟ ਗਿਆਨ ਜਿਸ ਵਿੱਚੋਂ ਲਿਵ ਕਦੇ ਨਾ ਤੁਟੇ। ਗੁਰੂ ਇਸ ਗਿਆਨ ਤੇ ਗੁਪਤੀ ਬਾਣੀ ਨੂੰ ਆਪਣੇ ਉਪਦੇਸ਼ ਦੁਆਰਾ ਸੰਸਾਰ ਵਿੱਚ ਪ੍ਰਚਾਰ ਕਰਦੇ ਹਨ। ਇਸ ਲਈ ਗੁਰਬਾਣੀ ਨੂੰ ਵੀ ਅਨਹਦ ਬਾਣੀ ਤੇ ਅਨਹਦ ਸ਼ਬਦ ਕਿਹਾ ਗਿਆ ਹੈ।

- ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮੁ ਮਨਿ ਵੂਠਾ ਰਾਮ॥
ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ॥
ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁ ਹਰਿਆ॥
ਸਰਬ ਸੁਖਾ ਤਿਸ ਹੀ ਬਣਿ ਆਏ ਜੋ ਪ੍ਰਭਿ ਅਪਨਾ ਕਰਿਆ॥
ਘਰ ਮਹਿ ਨਵ ਨਿਧਿ ਭਰੇ ਭੰਡਾਰਾ ਰਾਮ ਨਾਮਿ ਰੰਗੁ ਲਾਗਾ॥
ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾ ਕੇ ਭਾਗਾ॥ (੭੮੧)

- ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ॥ (੯੪੫)

- ਤਿਨਿ ਕਰਤੈ ਇਕੁ ਚਲਤੁ ਉਪਾਇਆ॥ ਅਨਹਦ ਬਾਣੀ ਸਬਦਿ ਸੁਣਾਇਆ॥
ਮਨਮੁਖਿ ਭੂਲੇ ਗੁਰਮੁਖਿ ਬੁਝਾਇਆ॥ ਕਾਰਣੁ ਕਰਤਾ ਕਰਦਾ ਆਇਆ॥
ਗੁਰ ਕਾ ਸਬਦੁ ਮੇਰੈ ਅੰਤਰਿ ਧਿਆਨੁ॥ ਹਉ ਕਬਹੁ ਨ ਛੋਡਉ ਹਰਿ ਕਾ ਨਾਮੁ॥ਰਹਾਉ॥ (੧੧੫੪)

ਪੰਚਮ ਗੁਰੂ ਸ੍ਰੀ ਹਰਿਮੰਦਰ ਜੀ ਦੀ ਉਸਤਤ ਕਰਦੇ ਹੋਏ ਫੁਰਮਾਉਂਦੇ ਹਨ:

- ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ॥
ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ॥
ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ॥
ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ॥
ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋਨੀਐ॥
ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ॥ (੭੮੩)

ਫਿਰ ਗੁਰਬਾਣੀ ਦੇ ਕੀਰਤਨ ਬਾਬਤ "ਅਨਹਦ ਸ਼ਬਦ" ਵਰਤਾਇਆ ਗਿਆ ਹੈ:

- ਰੁਣ ਝੁਣੋ ਸਬਦੁ ਅਨਾਹਦੁ ਨਿਤ ਉਠਿ ਗਾਈਐ ਸੰਤਨ ਕੈ॥
ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰ ਮੰਤਨ ਕੈ॥ (੯੨੫)

- ਅਨਹਤ ਸਬਦੁ ਸੁਹਾਵਾ॥ ਸਚੁ ਮੰਗਲੁ ਹਰਿ ਜਸੁ ਗਾਵਾ॥
ਗੁਣ ਗਾਇ ਹਰਿ ਹਰਿ ਦੂਖ ਨਾਸੇ ਰਹਸੁ ਉਪਜੈ ਮਨਿ ਘਣਾ॥
ਮਨੁ ਤੰਨੁ ਨਿਰਮਲੁ ਦੇਖਿ ਦਰਸਨੁ ਨਾਮੁ ਪ੍ਰਭ ਕਾ ਮੁਖਿ ਭਣਾ॥ (੭੭੯)

- ਕੀਰਤਨੁ ਨਿਰਮੋਲਕ ਹੀਰਾ॥ ਆਨੰਦ ਗੁਣੀ ਗਹੀਰਾ॥
ਅਨਹਦ ਬਾਣੀ ਪੂੰਜੀ॥ ਸੰਤਨ ਹਥਿ ਰਾਖੀ ਕੂੰਜੀ॥ (੯੯੩)

ਸਗੋਂ ਗੁਰੂ ਨਾਨਕ ਸਾਹਿਬ ਜੀ ਨੇ ਫੁਰਮਾਇਆ ਹੈ ਕਿ ਸਾਰੇ ਨਾਦ ਤੇ ਗਿਆਨਾਂ ਦਾ ਭੰਡਾਰ ਗੁਰਬਾਣੀ ਹੈ।

– ਸਭਿ ਨਾਦ ਬੇਦ ਗੁਰਬਾਣੀ॥ ਮਨੁ ਰਾਤਾ ਸਾਰਿਗਪਾਣੀ॥
ਤਹ ਤੀਰਥ ਵਰਤ ਤਪ ਸਾਰੇ॥ ਗੁਰ ਮਿਲਿਆ ਹਰਿ ਨਿਸਤਾਰੇ॥ (੮੭੯)

ਸਿੱਧਾਂ ਦੇ ਪ੍ਰਸ਼ਨਾਂ ਦੇ ਉੱਤਰ ਵਿੱਚ ਇਸੇ ਸ਼ਬਦ ਅਰਥਾਤ ਸਦਾ ਰਹਿਣ ਵਾਲੇ ਗਿਆਨ ਨੂੰ ਆਪਣਾ ਗੁਰੂ ਦੱਸਿਆ ਸੀ। ਇਹ ਗਿਆਨ ਵੀ ਨਾਮ ਵਾਂਗ ਸਰਬ ਵਿਆਪਕ ਹੈ ਕਿਉਂਕਿ ਨਾਮ ਦੇ ਸਾਖਿਆਤ ਹੋਣ ਤੇ ਹੀ ਇਸ ਦੀ ਸੂਝ ਪੈਂਦੀ ਹੈ। ਇਸ ਲਈ ਜਦੋਂ ਸਿੱਧਾਂ ਨੇ ਪ੍ਰਸ਼ਨ ਕੀਤਾ:

– ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ॥ (੯੪੪)

ਤਾਂ ਸਤਿਗੁਰਾਂ ਨੇ ਉੱਤਰ ਦਿੱਤਾ:

– ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ॥ (੯੪੪)

ਅਤੇ

– ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ॥ (੯੪੫)

ਗਿਆਨ ਦਾ ਪ੍ਰਕਾਸ਼ਕ ਹੋਣ ਕਰਕੇ ਇਸ ਨੂੰ ਜੋਤਿ ਸਰੂਪ ਅਰਥਾਤ ਚਾਨਣ ਰੂਪ ਕਿਹਾ ਹੈ।

– ਪ੍ਰਥਮੇ ਤਿਆਗੀ ਹਉਮੈ ਪ੍ਰੀਤਿ॥ ਦੁਤੀਆ ਤਿਆਗੀ ਲੋਗਾ ਰੀਤਿ॥
ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ॥ ਤੁਰੀਆ ਗੁਣੁ ਮਿਲਿ ਸਾਧ ਪਛਾਨੇ॥
ਸਹਜ ਗੁਫਾ ਮਹਿ ਆਸਣੁ ਬਾਧਿਆ॥ ਜੋਤਿ ਸਰੂਪ ਅਨਾਹਦੁ ਵਾਜਿਆ॥
ਮਹਾ ਅਨੰਦੁ ਗੁਰ ਸਬਦੁ ਵੀਚਾਰਿ॥ ਪ੍ਰਿਅ ਸਿਉ ਰਾਤੀ ਧਨ ਸੋਹਾਗਣਿ ਨਾਰਿ॥ (੩੭੦)

ਜਪੁਜੀ ਸਾਹਿਬ ਵਿੱਚ ਇਸ ਸ਼ਬਦ ਦੇ ਪ੍ਰਗਟ ਕਰਨ ਦੀ ਇਹ ਵਿਉਂਤ ਦੱਸੀ ਗਈ ਹੈ:

– ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਰਣਿ ਮਤਿ ਵੇਦੁ ਹਥੀਆਰੁ॥
ਭਉ ਖਲਾ ਅਗਨਿ ਤਪ ਤਾਉ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥
ਘੜੀਐ ਸਬਦੁ ਸਚੀ ਟਕਸਾਲ॥ ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥ (੮)

ਰਾਮਕਲੀ ਰਾਗੁ ਵਿੱਚ ਇਸ ਦਾ ਹੋਰ ਵਿਸਥਾਰ ਹੈ:

– ਖਟੁ ਮਟੁ ਦੇਹੀ ਮਨੁ ਬੈਰਾਗੀ॥ ਸੁਰਤਿ ਸਬਦੁ ਧੁਨਿ ਅੰਤਰਿ ਜਾਗੀ॥
ਵਾਜੈ ਅਨਹਦੁ ਮੇਰਾ ਮਨੁ ਲੀਣਾ॥ ਗੁਰ ਬਚਨੀ ਸਚਿ ਨਾਮਿ ਪਤੀਣਾ॥
ਪ੍ਰਾਣੀ ਰਾਮ ਭਗਤਿ ਸੁਖੁ ਪਾਈਐ॥
ਗੁਰਮੁਖਿ ਹਰਿ ਹਰਿ ਮੀਠਾ ਲਾਗੈ ਹਰਿ ਹਰਿ ਨਾਮਿ ਸਮਾਈਐ॥ਰਹਾਉ॥
ਮਾਇਆ ਮੋਹੁ ਬਿਵਰਜਿ ਸਮਾਏ॥ ਸਤਿਗੁਰੁ ਭੇਟੈ ਮੇਲਿ ਮਿਲਾਏ॥
ਨਾਮੁ ਰਤਨੁ ਨਿਰਮੋਲਕੁ ਹੀਰਾ॥ ਤਿਤੁ ਰਾਤਾ ਮੇਰਾ ਮਨੁ ਧੀਰਾ॥
ਹਉਮੈ ਮਮਤਾ ਰੋਗੁ ਨ ਲਾਗੈ॥ ਰਾਮ ਭਗਤਿ ਜਮ ਕਾ ਭਉ ਭਾਗੈ॥
ਜਮੁ ਜੰਦਾਰੁ ਨ ਲਾਗੈ ਮੋਹਿ॥ ਨਿਰਮਲ ਨਾਮੁ ਰਿਦੈ ਹਰਿ ਸੋਹਿ॥
ਸਬਦੁ ਬੀਚਾਰਿ ਭਏ ਨਿਰੰਕਾਰੀ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ॥
ਅਨਦਿਨੁ ਜਾਗਿ ਰਹੇ ਲਿਵ ਲਾਈ॥ ਜੀਵਨ ਮੁਕਤਿ ਗਤਿ ਅੰਤਰਿ ਪਾਈ॥
ਅਲਿਪਤ ਗੁਫਾ ਮਹਿ ਰਹਹਿ ਨਿਰਾਰੇ॥ ਤਸਕਰ ਪੰਚ ਸਬਦਿ ਸੰਘਾਰੇ॥

ਪਰ ਘਰ ਜਾਇ ਨ ਮਨੁ ਡੋਲਾਏ॥ ਸਹਜ ਨਿਰੰਤਰਿ ਰਹਉ ਸਮਾਏ॥
ਗੁਰਮੁਖਿ ਜਾਗਿ ਰਹੇ ਅਉਧੂਤਾ॥ ਸਦ ਬੈਰਾਗੀ ਤਤੁ ਪਰੋਤਾ॥
ਜਗੁ ਸੂਤਾ ਮਰਿ ਆਵੈ ਜਾਇ॥ ਬਿਨੁ ਗੁਰ ਸਬਦ ਨ ਸੋਝੀ ਪਾਇ॥
ਅਨਹਦ ਸਬਦੁ ਵਜੈ ਦਿਨੁ ਰਾਤੀ॥ ਅਵਿਗਤ ਕੀ ਗਤਿ ਗੁਰਮੁਖਿ ਜਾਤੀ॥
ਤਉ ਜਾਨੀ ਜਾ ਸਬਦਿ ਪਛਾਨੀ॥ ਏਕੋ ਰਵਿ ਰਹਿਆ ਨਿਰਬਾਨੀ॥
ਸੁੰਨ ਸਮਾਧਿ ਸਹਜਿ ਮਨੁ ਰਾਤਾ॥ ਤਜਿ ਹਉ ਲੋਭਾ ਏਕੋ ਜਾਤਾ॥
ਗੁਰ ਚੇਲੇ ਅਪਨਾ ਮਨੁ ਮਾਨਿਆ॥ ਨਾਨਕ ਦੂਜਾ ਮੇਟਿ ਸਮਾਨਿਆ॥ (੯੦੩)

ਯਾਦ ਰਹੇ ਕਿ ਨਾਮ ਦੇ ਦਰਸ਼ਨਾਂ ਦੀਆਂ ਦੋ ਝਾਕੀਆਂ ਗੁਰਬਾਣੀ ਵਿੱਚ ਆਈਆਂ ਹਨ। ਨਾਮ ਦੇ ਅੰਤਹਕਰਣ ਵਿੱਚ ਦਰਸ਼ਨ ਤੇ ਨਾਮ ਦੇ ਬਾਹਰ ਕੁਦਰਤ ਵਿੱਚ ਦਰਸ਼ਨ। ਸੁਖਮਨੀ ਸਾਹਿਬ ਦੀ ੨੩ਵੀਂ ਅਸ਼ਟਪਦੀ ਵਿੱਚ ਪਹਿਲੀ ਪਉੜੀ ਅੰਤ੍ਰੀਵ ਅਵਸਥਾ ਦੱਸ ਕੇ ਫਿਰ ‘‘ਕੁਦਰਤ ਵਸਿਆ’’ ਦਾ ਨਕਸ਼ਾ ਖਿੱਚਦੀ ਹੈ। ਅਗਲੇ ਸ਼ਬਦ ਵਿੱਚ ‘‘ਸੋਦਰੁ’’ ਵਿੱਚ ਖਿੱਚਿਆ ਨਕਸ਼ਾ ਤੇ ਸਚਖੰਡ ਦਾ ਜੋ ਨਕਸ਼ਾ ਜਪੁਜੀ ਵਿੱਚ ਹੈ ਉਹ ਰਲਾ ਕੇ ਫਿਰ ਅੰਤ੍ਰੀਵ ਹਾਲਤ ਵੀ ਦੱਸੀ ਹੈ:

– ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥ ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥
ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥ ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥
ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥
ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ॥
ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥ (੧੨੯੧)

‘‘ਦੇਹੀ ਅੰਦਰ ਜੋ ਨਿਰੰਕਾਰ ਦਾ ਵਾਸ ਸਾਖਿਆਤ ਦਿਖਾ ਦੇਵੇ ਉਹ ਸਿਆਣਾ ਸਤਿਗੁਰ ਪੁਰਖ ਹੈ। ਉਸ ਥਾਂ ਪੰਚ ਸ਼ਬਦਾਂ ਦੀ ਧੁਨੀ ਇਕ ਰਸ ਹੈ (ਭਾਵ ਹੋਰ ਰਾਗ ਜਾਂ ਵਾਜੇ ਵੱਜਣ ਤਾਂ ਸੁਣੀਦੇ ਹਨ ਪਰ ਉਥੋਂ ਦਾ ਸੰਗੀਤ ਰਸ ਅਤੁੱਟ ਹੈ)। ਉਥੇ ਗੁਰ ਸ਼ਬਦ ਸਪੱਸ਼ਟ ਪ੍ਰਗਟ ਹੈ (ਭਾਵ ਗੁਰਬਾਣੀ ਦਾ ਗਹੁਜ ਭਾਵ ਅਰਥਾਤ ਸਰਬ ਵਿਆਪਕ ਨਾਮ ਜਿਸ ਵੱਲ ਸਾਰੀ ਬਾਣੀ ਇਸ਼ਾਰੇ ਕਰਦੀ ਹੈ ਉਹ ਸਾਹਮਣੇ ਹੈ), ਉਥੇ ਦੀਪ, ਲੋਕ, ਪਾਤਾਲ, ਦੇਸ਼ ਤੇ ਮੰਡਲ ਹਨ (ਕਾਰ ਵੇਖ ਕੇ) ਵਿਸਮਾਦ ਅਵਸਥਾ ਆ ਉਪਜੀ ਹੈ। ਨਿਰੰਕਾਰ ਸ਼ਹਿਨਸ਼ਾਹ ਸਦਾ ਥਿਰ ਤਖਤ ਪੁਰ ਬਿਰਾਜ ਰਿਹਾ ਹੈ ਤੇ ਉਸਦੇ ਦਰ ਉਤੇ ਕਈ ਵਾਜੇ ਉੱਚੇ ਉੱਚੇ ਵੱਜ ਰਹੇ ਹਨ। ਇਸ ਮਨ ਨੂੰ ਸੁੱਖੀ ਕਰਨ ਵਾਲੀ ਅਵਸਥਾ ਦੇ ਇਹ ਰਾਗ ਸੁਣ ਕੇ ਮਨ ਦੀਆਂ ਹੋਰ ਬ੍ਰਿਤੀਆਂ ਰੋਕ ਕੇ ਜਦੋਂ ਅਕਥ (ਨਿਰੰਕਾਰ) ਦੀ ਕਥਾ ਦੀ ਵੀਚਾਰ ਕੀਤੀ ਜਾਵੇ ਤਾਂ ਮਨ ਦਾ ਫੁਰਨਾ ਮਨ ਵਿੱਚ ਹੀ ਲੀਨ ਹੋ ਜਾਂਦਾ ਹੈ। ਰਿਦੇ ਕਮਲ ਉਲਟਾ ਹੋ ਕੇ (ਸੰਸਾਰ ਵੱਲੋਂ ਟੁੱਟ ਕੇ) ਨਾਮ ਅੰਮ੍ਰਿਤ ਨਾਲ ਭਰਪੂਰ ਹੈ, ਮਨ ਹੋਰ ਕਿਧਰੇ ਨਹੀਂ ਜਾਂਦਾ। (ਮਨ ਦੁਆਰਾ ਜੋ ਨਾਮ ਦਾ ਜਾਪ ਹੈ ਉਹ ਅਜਪਾ ਜਾਪ ਹੈ) ਹੁਣ ਮਨ ਦੀ ਲਿਵ ਇਸ ਅਜਪਾ ਜਾਪ ਵਿੱਚੋਂ ਉਟਕਦੀ ਨਹੀਂ, ਮਨ ਇਸ ਵਿੱਚ ਹੀ ਸਦਾ ਲਈ ਲੀਨ ਹੋ ਗਿਆ ਹੈ। ਸਾਰੀਆਂ ਇੰਦ੍ਰੀਆਂ ਤੇ ਪੰਜ ਗਿਆਨ ਇੰਦ੍ਰੇ ਹੁਣ ਇਕ ਸੁਰ ਹੋ ਗਏ ਜਦੋਂ ਗੁਰੂ ਦੁਆਰਾ ਖ਼ਾਸ ਸਰੂਪ ਦਾ ਵਾਸਾ ਮਿਲਿਆ। ਜੋ ਮਨੁੱਖ ਗੁਰ ਸ਼ਬਦ ਨੂੰ ਖੋਜ ਕੇ ਇਹ ਘਰ ਪ੍ਰਾਪਤ ਕਰਦਾ ਹੈ ਨਾਨਕ ਉਸ ਦਾ ਦਾਸ ਹੈ।’’

ਇਸ ਸ਼ਬਦ ਵਿੱਚ ਅੰਦਰ ਦੇ ਅਨੰਦ, ਲੋਆਂ ਪਤਾਲਾਂ ਦੇ ਹੁਕਮ ਵਿੱਚ ਚਲਣ, ਸਾਰੀ ਸ੍ਰਿਸ਼ਟੀ ਦੇ ਆਪਣੇ ਆਪਣੇ ਵਾਜੇ ਨਾਲ ਤਖ਼ਤ ਪੁਰ ਬੈਠੇ ਸ਼ਹਿਨਸ਼ਾਹ ਦੀ ਆਰਤੀ ਕਰਨ, ਮਨ ਦੇ ਇਕਾਗਰ ਹੋਣ, ਨਾਮ ਦੇ ਅਤੁੱਟ ਸਿਮਰਨ ਤੇ ਨਿਰੰਕਾਰ ਵਿੱਚ ਸਮਾ ਜਾਣ ਦੀ ਸਾਰੀ ਖੇਡ ਦੱਸ ਦਿੱਤੀ ਹੈ। ਜਿਹੜੇ ਸੱਜਣ ਯੋਗੀਆਂ ਦੇ ਮੱਤ ਅਨੁਸਾਰ ਜਾਂ ਹੋਰ ਕਿਸੇ ਨਵੀਨ ਮੱਤ ਦੇ ਉਪਦੇਸ਼ ਅਨੁਸਾਰ ਉਨ੍ਹਾਂ ਮੱਤਾਂ ਦੀ ਦੱਸੀ ਪਰਮ ਪਦਵੀ ਨੂੰ ਪੁਜਣਾ ਲੋੜਦੇ ਹਨ ਉਹ ਜੋ ਚਾਹੁਣ ਕਰਨ। ਪਰ ਗੁਰਸਿੱਖਾਂ ਲਈ ਸੱਚਖੰਡ ਨੂੰ ਪੁੱਜਣ ਦਾ ਰਾਹ ਸਤਿਗੁਰਾਂ ਨੇ ਸਾਫ਼ ਦੱਸ ਦਿੱਤਾ ਹੈ। ਇਸ ਲਈ

ਗੁਰਮਤਿ ਦੇ ਦੱਸੇ ਅਨਹਤ ਸ਼ਬਦ ਦੇ ਚਾਹਵਾਨ ਗੁਰਬਾਣੀ ਨੂੰ ਕਮਾਉਣ ਤੇ ਨਾਮ ਵਿੱਚ ਲੱਗਣ। ਨਾਮ ਦੇ ਸਾਖਿਆਤ ਹੋਣ ਤੇ ਇਹ ਜੋਤਿ ਸਰੂਪ ਪ੍ਰਚੰਡ ਗਿਆਨ ਉਨ੍ਹਾਂ ਨੂੰ ਸਾਖਿਆਤ ਹੋਵੇਗਾ। ਗੁਰਮਤਿ ਦੇ ਦੱਸੇ ਜੋਗ ਦਾ ਇਹੋ ਰਾਹ ਹੈ ਜੈਸਾ ਕਿ ਸਤਿਗੁਰਾਂ ਨੇ ਫੁਰਮਾਇਆ ਹੈ:

– ਗੁਰਮੁਖਿ ਜੋਗ ਸਬਦਿ ਆਤਮੁ ਚੀਨੈ ਹਿਰਦੈ ਏਕੁ ਮੁਰਾਰੀ॥ (੯੦੮)

– ਸਤਿਗੁਰੂ ਸੇਵੇ ਸੋ ਫਲੁ ਪਾਏ॥ ਹਿਰਦੈ ਨਾਮੁ ਵਿਚਹੁ ਆਪੁ ਗਵਾਏ॥
ਅਨਹਦ ਬਾਣੀ ਸਬਦੁ ਵਜਾਏ॥ (੨੩੧)

ਅੰਤ ਵਿੱਚ ਇਹ ਜ਼ਿਕਰ ਕਰਨਾ ਕੁਥਾਂਉ ਨਹੀਂ ਹੋਵੇਗਾ ਕਿ ਹੁਕਮ, ਸ਼ਬਦ ਤੇ ਨਾਮ ਇੱਕੋ ਪਦਾਰਥ ਦੇ ਵੱਖ ਵੱਖ ਨੁਕਤਾ ਨਿਗਾਹਾਂ ਤੋਂ ਕੇਵਲ ਅੱਡਰੇ ਅੱਡਰੇ ਦ੍ਰਿਸ਼ ਹਨ।

– ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ॥
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ॥ (੧੨੭੫)